ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 29 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੬, ੧੬ ਚੇਤਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਮੁੱਖ ਮੰਤਰੀ ਭਗਵੰਤ ਮਾਨ ਘਰ ਗੂੰਜੀਆਂ ਕਿਲਕਾਰੀਆਂ, ਡਾ. ਗੁਰਪ੍ਰੀਤ ਕੌਰ ਬਣੇ ਮਾਂ

**ਚੰਡੀਗੜ੍ਹ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਘਰ ਖ਼ੁਸ਼ੀਆਂ ਨੇ ਦਸਤਕ ਦਿੱਤੀ ਹੈ। ਮੁੱਖਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਬੇਟੀ ਨੂੰ ਜਨਮ ਦਿੱਤਾ ਹੈ। ਇਸ ਦੀ ਜਾਣਕਾਰੀ ਖ਼ੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਤੀ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਵਾਹਿਗੁਰੂ ਜੀ ਨੇ ਬੇਟੀ ਦੀ ਦਾਤ ਬਖ਼ਸ਼ੀ ਹੈ, ਜੱਚਾ-ਬੱਚਾ ਦੋਵੇਂ ਤੰਦਰੁਸਤ ਹਨ। ਬੀਤੀ ਰਾਤ ਹੀ ਡਾ. ਗੁਰਪ੍ਰੀਤ ਕੌਰ ਦੇ ਹਸਪਤਾਲ ਵਿਚ ਦਾਖ਼ਲ ਹੋਣ ਦੀਆਂ ਖ਼ਬਰ ਸਾਹਮਣੇ ਆਈਆਂ ਸਨ। ਇਸ ਤੋਂ ਬਾਅਦ ਹੁਣ ਉਨ੍ਹਾਂ ਦੇ ਘਰ ਬੇਟੀ ਨੇ ਜਨਮ ਲਿਆ ਹੈ। ਮੀਡੀਆ ਰਿਪੋਰਟਾਂ ਮੁਤਾਬਿਕ ਮੁੱਖ ਮੰਤਰੀ ਮਾਨ ਦੇ ਪਤਨੀ ਡਾ. ਗੁਰਪ੍ਰੀਤ ਕੌਰ ਨੂੰ ਬੀਤੀ ਰਾਤ ਮੋਹਾਲੀ ਦੇ ਫੋਰਟਿਸ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ। ਡਾ. ਗੁਰਪ੍ਰੀਤ ਕੌਰ ਗਰਭਵਤੀ ਹਨ। ਇਸ ਦੀ ਜਾਣਕਾਰੀ ਸੀਐੱਮ ਭਗਵੰਤ ਮਾਨ ਨੇ ਖ਼ੁੱਦ ਦਿੱਤੀ ਸੀ। ਉਨ੍ਹਾਂ ਨੇ 26 ਜਨਵਰੀ ਮੌਕੇ ਲੁਧਿਆਣਾ 'ਚ ਰੱਖੇ ਸਰਕਾਰੀ ਸਮਾਗਮ ਵਿਚ ਕਿਹਾ ਸੀ ਕਿ ਉਨ੍ਹਾਂ ਦੇ ਘਰ ਮਾਰਚ ਮਹੀਨੇ ਤੱਕ ਖ਼ੁਸ਼ੀਆਂ ਆਉਣ ਵਾਲੀਆਂ ਹਨ।



## ਬਾਈਕ ਸਵਾਰਾਂ ਨੇ ਬਾਬਾ ਤਰਸੇਮ ਸਿੰਘ 'ਤੇ ਚਲਾਈਆਂ ਗੋਲੀਆਂ

# ਉੱਤਰਾਖੰਡ ਦੇ ਨਾਨਕਮੱਤਾ ਡੇਰਾ ਮੁਖੀ ਦਾ ਕਤਲ

**ਦੇਹਰਾਦੂਨ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਉੱਤਰਾਖੰਡ ਦੇ ਨਾਨਕਮੱਤਾ ਡੇਰੇ ਦੇ ਮੁੱਖ ਜਥੇਦਾਰ ਬਾਬਾ ਤਰਸੇਮ ਸਿੰਘ ਦਾ ਵੀਰਵਾਰ ਸਵੇਰੇ ਕਤਲ ਕਰ ਦਿੱਤਾ ਗਿਆ। ਬਾਈਕ 'ਤੇ ਆਏ ਦੋ ਵਿਅਕਤੀਆਂ ਨੇ ਕੈਂਪ ਦੇ ਅੰਦਰ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਉਸ ਨੂੰ ਖਟੀਮਾ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਘਟਨਾ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐਸ. ਆਈ.ਟੀ.) ਬਣਾਈ ਗਈ ਹੈ। ਵੀਰਵਾਰ ਸਵੇਰੇ 6:15 ਵਜੇ ਦੋ ਹਮਲਾਵਰ ਮੌਕੇ 'ਤੇ ਪਹੁੰਚੇ ਅਤੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਫਰਾਰ ਹੋ ਗਏ। ਬਾਬਾ ਤਰਸੇਮ ਸਿੰਘ ਪੂਰੇ ਸੂਬੇ ਵਿੱਚ ਪ੍ਰਸਿੱਧ ਸਨ। ਉਹ ਸੱਤਾ ਅਤੇ ਵਿਰੋਧੀ ਦੋਹਾਂ ਪੱਖਾਂ ਵਿੱਚ ਮਾਨਤਾ ਪ੍ਰਾਪਤ ਸੀ।



**ਬਾਈਕ ਰੋਕੀ, ਫਿਰ ਛਾਤੀ 'ਚ ਗੋਲੀ ਮਾਰ ਦਿੱਤੀ** : ਘਟਨਾ ਦਾ ਸੀਸੀਟੀਵੀ ਵੀ ਸਾਹਮਣੇ ਆਇਆ ਹੈ। ਇਸ 'ਚ ਬਾਬਾ ਤਰਸੇਮ ਸਿੰਘ ਕੁਰਸੀ 'ਤੇ ਬੈਠਾ ਨਜ਼ਰ ਆ ਰਹੇ ਹਨ ਤਾਂ ਦੋ ਵਿਅਕਤੀ ਬਾਈਕ 'ਤੇ ਆਉਂਦੇ ਹਨ। ਜਿਵੇਂ ਹੀ ਉਹ ਤਰਸੇਮ ਸਿੰਘ ਕੋਲ ਪਹੁੰਚਦੇ ਹਨ ਤਾਂ ਬਾਈਕ ਰੋਕ ਕੇ ਰਾਈਫਲ ਨਾਲ ਉਨ੍ਹਾਂ ਦੀ ਛਾਤੀ ਵਿਚ ਗੋਲੀ ਮਾਰ ਦਿੰਦੇ ਹਨ। ਇਸ ਤੋਂ ਬਾਅਦ ਬਾਬਾ ਤਰਸੇਮ ਸਿੰਘ ਸੰਘਰਸ਼ ਕਰਦਾ ਕੁਰਸੀ ਤੋਂ ਉੱਠ ਖੜ੍ਹਾ ਹੋਇਆ। ਫਿਰ ਹਮਲਾਵਰਾਂ ਨੇ ਉਸ ਦੀ ਛਾਤੀ ਵਿੱਚ ਫਿਰ ਗੋਲੀ ਮਾਰ ਦਿੱਤੀ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਇਸ ਤੋਂ ਬਾਅਦ ਬਾਬਾ ਤਰਸੇਮ ਸਿੰਘ ਜ਼ਮੀਨ 'ਤੇ ਡਿੱਗ ਗਿਆ।

### ਪੂਰੇ ਉੱਤਰਾਖੰਡ 'ਚ ਅਲਰਟ

ਘਟਨਾ ਤੋਂ ਬਾਅਦ ਆਸਪਾਸ ਦੇ ਇਲਾਕੇ 'ਚ ਪੁਲਸ ਫੋਰਸ ਵਧਾ ਦਿੱਤੀ ਗਈ ਹੈ। ਇਹ ਇਲਾਕਾ ਯੂਪੀ ਦੇ ਪੀਲੀਭੀਤ ਜ਼ਿਲ੍ਹੇ ਦੇ ਨੇੜੇ ਹੈ। ਇੱਥੇ ਉਤਰਾਖੰਡ ਤੋਂ ਇਲਾਵਾ ਪੰਜਾਬ, ਹਰਿਆਣਾ, ਯੂ.ਪੀ ਅਤੇ ਹੋਰ ਥਾਵਾਂ ਤੋਂ ਵੀ ਲੋਕ ਆਉਂਦੇ ਹਨ।

## ਘਟਨਾ ਨੂੰ ਅੰਜਾਮ ਦੇਣ 'ਚ ਕੇਵਲ 3 ਸੈਕਿੰਡ ਦਾ ਸਮਾਂ ਲਾਇਆ

ਐੱਸਐੱਸਪੀ ਊਧਮਸਿੰਘ ਨਗਰ ਮੰਜੂਨਾਥ ਟੀਸੀ ਨੇ ਦੱਸਿਆ ਕਿ ਘਟਨਾ ਦੇ ਸਮੇਂ ਬਾਬਾ ਜੀ ਡੇਰੇ ਦੇ ਅੰਦਰ ਮੁੱਖ ਗੇਟ ਦੇ ਸਾਹਮਣੇ ਕੁਰਸੀ 'ਤੇ ਬੈਠੇ ਸਨ। ਉਹ ਆਪਣੇ ਮੋਬਾਈਲ 'ਤੇ ਕੋਈ ਕੰਮ ਕਰ ਰਹੇ ਸਨ। ਉਦੋਂ ਹੀ ਦੋ ਵਿਅਕਤੀ ਬਾਈਕ 'ਤੇ ਆਏ। ਬਾਬਾ ਜੀ ਨੂੰ 3 ਸੈਕਿੰਡ ਦੇ ਅੰਦਰ ਦੋ ਵਾਰ ਗੋਲੀ ਮਾਰ ਕੇ ਭੱਜ ਜਾਂਦੇ ਹਨ। ਫੁਟੇਜ 'ਚ ਦੋਵਾਂ ਦੀ ਸਾਫ ਤਸਵੀਰ ਹੈ। ਦੋਵਾਂ ਦੀ ਪਛਾਣ ਕਰ ਲਈ ਗਈ ਹੈ। ਹਮਲਾਵਰਾਂ ਨੂੰ ਫੜਨ ਲਈ 8 ਤੋਂ 10 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪੁਲਸ ਪ੍ਰਸ਼ਾਸਨ ਦੇ ਅਧਿਕਾਰੀ ਮੌਕੇ 'ਤੇ ਪਹੁੰਚ ਕੇ ਜਾਂਚ 'ਚ ਜੁਟੇ ਹੋਏ ਹਨ। ਮੌਕੇ 'ਤੇ ਫੋਰੈਂਸਿਕ ਟੀਮ ਵੀ ਜਾਂਚ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਕਾਤਲਾਂ ਨੇ ਪੂਰੀ ਯੋਜਨਾਬੰਦੀ ਨਾਲ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਸਾਈਕਲ ਦੇ ਪਿਛਲੇ ਪਾਸੇ ਇੱਕ ਬੈਗ ਬੰਨ੍ਹਿਆ ਹੋਇਆ ਸੀ ਜਿਸ ਰਾਹੀਂ ਉਹ ਪਹੁੰਚੇ ਸੀ। ਸ਼ਰਾਰਤੀ ਅਨਸਰਾਂ ਨੂੰ ਪਤਾ ਸੀ ਕਿ ਬਾਬਾ ਤਰਸੇਮ ਸਿੰਘ ਸਵੇਰੇ ਉਥੇ ਦੇਖੇ ਗਏ ਹਨ, ਇਸ ਲਈ ਸਵੇਰ ਦਾ ਸਮਾਂ ਚੁਣਿਆ ਗਿਆ।



## ਲੋਕ ਸਭਾ ਚੋਣਾਂ ਤੋਂ ਪਹਿਲਾਂ ਖੋਲ੍ਹੀ ਮੋਦੀ ਸਰਕਾਰ ਦੀ ਪੋਲ !

**ਨਵੀਂ ਦਿੱਲੀ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਨੇ ਇੰਸਟੀਚਿਊਟ ਆਫ਼ ਹਿਊਮਨ ਡਿਵੈਲਪਮੈਂਟ ਨਾਲ ਮਿਲਕੇ ਭਾਰਤ ਦੀ ਬੇਰੁਜ਼ਗਾਰੀ ਦੇ ਸਬੰਧ ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਹੈ ਜਿਸ ਤੋਂ ਬਾਅਦ ਇਹ ਮੁੱਦਾ ਕਾਫੀ ਗਰਮਾ ਗਿਆ ਹੈ। ਇਸ ਰਿਪੋਰਟ ਦਾ ਨਾਂਅ India Employment Report 2024 ਰੱਖਿਆ ਗਿਆ ਹੈ ਜਿਸ ਦੇ ਮੁਤਾਬਕ, ਭਾਰਤ ਦੇ ਨੌਜਵਾਨ ਇਸ ਵੇਲੇ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ। ਦੇਸ਼ ਦੇ ਬੇਰੁਜ਼ਗਾਰਾਂ ਵਿੱਚ 83 ਫ਼ੀਸਦੀ ਗਿਣਤੀ ਨੌਜਵਾਨਾਂ ਦੀ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। IHD ਦੇ ਨਾਲ ਮਿਲਕੇ ILO ਨੇ ਜੋ ਰਿਪੋਰਟ ਜਾਰੀ ਕੀਤੀ ਹੈ ਇਸ ਮੁਤਾਬਕ, ਬੇਰੁਜ਼ਗਾਰਾਂ ਵਿੱਚ ਜ਼ਿਆਦਾਤਰ ਨੌਜਵਾਨ ਪੜ੍ਹੇਲਿਖੇ ਹਨ ਜਿਨ੍ਹਾਂ ਨੂੰ ਨੌਕਰੀ ਲੱਭਣ ਵਿੱਚ ਦਿੱਕਤ ਆ ਰਹੀ ਹੈ ਤੇ ਕਈ ਹੁਨਰ ਦੀ ਘਾਟ ਹੋਣ ਕਰਕੇ ਨੌਕਰੀ ਨਹੀਂ ਲੱਭ ਰਹੇ ਹਨ। ਰਿਪੋਰਟ ਦੇ ਮੁਤਾਬਕ, ਦੇਸ਼ ਵਿੱਚ ਸਾਲ 2000 ਦੌਰਾਨ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਗਿਣਤੀ 35.2 ਫ਼ੀਸਦ ਸੀ ਜੋ ਕਿ ਹੁਣ ਦੁੱਗਣੀ ਹੋ ਗਈ ਹੈ। ਸਾਲ 2022 ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਵਧਕੇ 65.7 ਫ਼ੀਸਦ ਤੱਕ ਪਹੁੰਚ ਗਈ ਹੈ। ਇਸ ਤੋਂ ਬਾਅਦ ਵੀ ਇਹ ਗਿਣਤੀ ਲਗਾਤਾਰ ਵਧ ਰਹੀ ਹੈ ਰਿਪੋਰਟ ਦੇ ਮੁਤਾਬਕ, ਪੜ੍ਹੇ ਲਿਖੇ ਲੋਕਾਂ ਵਿੱਚ ਅਜਿਹੇ ਲੋਕਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਘੱਟੋ-ਘੱਟ ਦਸਵੀਂ ਤੱਕ ਪੜ੍ਹਾਈ ਕੀਤੀ ਹੋਵੇ। ਬੇਰੁਜ਼ਗਾਰਾਂ ਦੀ ਗਿਣਤੀ ਵਧਣ ਪਿੱਛੇ ਦਾ ਇੱਕ ਕਾਰਨ ਹੁਨਰ ਦੀ ਘਾਟ ਹੋਣਾ ਵੀ ਹੈ ਅਜੇ ਵੀ ਬਹੁਤ ਲੋਕ ਡਿਜੀਟਲ ਯੁੱਗ ਵਿੱਚ ਪੂਰੀ ਤਰ੍ਹਾਂ ਨਾਲ ਨਹੀਂ ਢਲੇ ਹਨ ਤੇ ਕਈਆਂ ਕੋਲ ਤਾਂ ਇਸ ਦੀ ਮੁਢਲੀ ਜਾਣਕਾਰੀ ਵੀ ਨਹੀਂ ਹੈ ਜਿਸ ਕਰਕੇ ਵੀ ਉਹ ਬੇਰੁਜ਼ਗਾਰੀ ਨਾਲ ਜੂਝ ਰਹੇ ਹਨ। ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਸਾਲ 2019 ਤੋਂ ਬਾਅਦ ਖੁਦ ਦੇ ਕਾਰੋਬਾਰ ਤੇ ਕਰਮਚਾਰੀਆਂ ਦੀ ਆਮਦਨ ਵਿੱਚ ਗਿਰਾਵਟ ਆਈ ਹੈ। ਘੱਟੋ-ਘੱਟ ਉਜਰਤ ਕਮਾਉਣ ਵਾਲੇ ਆਮ ਕਾਮੇ ਜਿਨ੍ਹਾਂ ਕੋਲ ਕੋਈ ਹੁਨਰ ਨਹੀਂ ਹੈ, ਨੂੰ ਸਾਲ 2022 ਵਿੱਚ ਆਮਦਨ ਨਹੀਂ ਹੋਈ। ਕੋਰੋਨਾ ਦੇ ਦੌਰ ਵਿੱਚ ਵੀ ਬੇਰੁਜ਼ਗਾਰੀ ਦਰ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਸੀ। ਕਈ ਲੋਕਾਂ ਦੀ ਨੌਕਰੀ ਚਲੀ ਗਈ ਸੀ। ਇਸ ਸਮੇਂ ਦੌਰਾਨ ਘੱਟ ਪੜ੍ਹੇ-ਲਿਖੇ ਲੋਕਾਂ ਨਾਲੋਂ ਜ਼ਿਆਦਾ ਪੜ੍ਹੇ-ਲਿਖੇ ਲੋਕਾਂ ਨੇ ਆਪਣੀਆਂ ਨੌਕਰੀਆਂ ਗੁਆ ਦਿੱਤੀਆਂ। ਜਿਨ੍ਹਾਂ ਰਾਜਾਂ ਵਿੱਚ ਬੇਰੁਜ਼ਗਾਰੀ ਦਰ ਉੱਚੀ ਹੈ, ਉਨ੍ਹਾਂ ਵਿੱਚ ਉੜੀਸਾ, ਮੱਧ ਪ੍ਰਦੇਸ਼, ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ, ਛੱਤੀਸਗੜ੍ਹ ਵਰਗੇ ਰਾਜ ਸ਼ਾਮਲ ਹਨ। ਜਿਸ ਵਿੱਚ ਪਿਛਲੇ ਸਾਲਾਂ ਤੋਂ ਰੁਜ਼ਗਾਰ ਦੇ ਅੰਕੜਿਆਂ ਵਿੱਚ ਬਹੁਤਾ ਸੁਧਾਰ ਨਹੀਂ ਹੋਇਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਖੇਤਰੀ ਨੀਤੀ ਕਾਰਨ ਇਨ੍ਹਾਂ ਰਾਜਾਂ ਦੇ ਲੋਕ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ।



ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਕੇਜਰੀਵਾਲ ਨੂੰ ਨਹੀਂ ਮਿਲੀ ਰਾਹਤ, 1 ਅਪ੍ਰੈਲ ਤਕ ਵਧਿਆ ਰਿਮਾਂਡ

**ਨਵੀਂ ਦਿੱਲੀ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਲੈ ਕੇ ਈਡੀ ਦੀ ਟੀਮ ਵੀਰਵਾਰ ਯਾਨੀ ਕਿ ਅੱਜ ਰਾਊਜ ਐਵੇਨਿਊ ਕੋਰਟ ਪਹੁੰਚੀ। ਈਡੀ ਅਤੇ ਕੇਜਰੀਵਾਲ ਵਲੋਂ ਦਲੀਲਾਂ ਸੁਣੀਆਂ ਗਈਆਂ, ਜਿਸ ਮਗਰੋਂ ਅਦਾਲਤ ਨੇ ਕੇਜਰੀਵਾਲ ਦੀ ਈਡੀ ਰਿਮਾਂਡ 1 ਅਪ੍ਰੈਲ ਤੱਕ ਵਧਾ ਦਿੱਤੀ ਹੈ। ਕੇਜਰੀਵਾਲ ਨੂੰ 1 ਅਪ੍ਰੈਲ ਨੂੰ ਸਵੇਰੇ 11 ਵਜੇ ਕੋਰਟ ਵਿਚ ਪੇਸ਼ ਕੀਤਾ ਜਾਵੇਗਾ। ਈਡੀ ਨੇ ਕੇਜਰੀਵਾਲ ਨੂੰ ਕੋਰਟ ਵਿਚ ਪੇਸ਼ ਕਰ ਕੇ 7 ਦਿਨ ਦੀ ਰਿਮਾਂਡ ਮੰਗੀ ਸੀ। ਉਧਰ ਕੇਜਰੀਵਾਲ ਨੇ ਕੋਰਟ ਸਾਹਮਣੇ ਆਪਣੀ ਗ੍ਰਿਫ਼ਤਾਰ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਕੇਸ ਦੋ ਸਾਲ ਪਹਿਲਾਂ ਤੋਂ ਚੱਲ ਰਿਹਾ ਹੈ। ਅਗਸਤ 2022 ਨੂੰ ਸੀ. ਬੀ. ਆਈ. ਦਾ ਕੇਸ ਫਾਈਲ ਹੋਇਆ ਸੀ। ਮੈਨੂੰ ਗ੍ਰਿਫ਼ਤਾਰ ਕਿਉਂ ਕੀਤਾ ਗਿਆ ਜਦਕਿ ਕਿਸੇ ਵੀ ਅਦਾਲਤ ਨੇ ਮੈਨੂੰ ਦੋਸ਼ੀ ਨਹੀਂ ਮੰਨਿਆ ਹੈ। ਈਡੀ ਦੀ ਮੰਸ਼ਾ ਮੈਨੂੰ ਗ੍ਰਿਫ਼ਤਾਰ ਕਰਨ ਦੀ ਸੀ। ਕੇਜਰੀਵਾਲ ਨੇ ਅੱਗੇ ਕਿਹਾ ਕਿ ਈਡੀ ਇਸ ਮਾਮਲੇ ਵਿਚ ਗੁੰਮਰਾਹ ਕਰ ਰਹੀ ਹੈ। ਆਪਣੀ ਦਲੀਲ ਵਿਚ ਕੇਜਰੀਵਾਲ ਨੇ ਕਿਹਾ ਕਿ ਆਬਕਾਰੀ ਨੀਤੀ ਮਾਮਲੇ 'ਚ 4 ਗਵਾਹਾਂ ਨੇ ਮੇਰਾ ਨਾਂ ਲਿਆ ਹੈ। ਕੀ ਕਿਸੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰਨ ਲਈ 4 ਬਿਆਨ ਕਾਫੀ ਹਨ। ਜਿਨ੍ਹਾਂ ਲੋਕਾਂ ਨੇ ਮੇਰੇ ਪੱਖ 'ਚ ਬਿਆਨ ਦਿੱਤਾ ਸੀ ਉਨ੍ਹਾਂ ਦੇ ਬਿਆਨ ਮੇਰੇ ਵਿਰੋਧ 'ਚ ਦਿਵਾਏ ਗਏ ਹਨ। ਇਹ ਆਮ ਆਦਮੀ ਪਾਰਟੀ ਨੂੰ ਤੋੜਨਾ ਚਾਹੁੰਦੇ ਹਨ।



ਕੇਜਰੀਵਾਲ ਨੇ ਦੋਸ਼ ਲਾਇਆ ਕਿ ਸ਼ਰਥ ਚੰਦਰ ਰੈੱਡੀ ਨੇ ਭਾਜਪਾ ਨੂੰ 55 ਕਰੋੜ ਰੁਪਏ ਦਾ ਚੰਦਾ ਦਿੱਤਾ। ਮਨੀ ਲਾਂਡਰਿੰਗ ਸਥਾਪਤ ਹੋ ਗਿਆ ਤਾਂ ਰੈੱਡੀ ਨੇ ਜ਼ਮਾਨਤ ਮਿਲਣ ਦੇ ਤੁਰੰਤ ਬਾਅਦ ਭਾਜਪਾ ਨੂੰ 55 ਕਰੋੜ ਰੁਪਏ ਦਿੱਤੇ। ਅਸੀਂ ਰਿਮਾਂਡ ਦਾ ਸਾਹਮਣਾ ਕਰਨ ਲਈ ਤਿਆਰ ਹਾਂ। ਦੱਸਣਯੋਗ ਹੈ ਕਿ ਈਡੀ ਨੇ ਆਬਕਾਰੀ ਨੀਤੀ ਮਾਮਲੇ ਵਿਚ ਕੇਜਰੀਵਾਲ ਨੂੰ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਬਾਅਦ ਵਿਚ ਅਦਾਲਤ ਨੇ 28 ਮਾਰਚ ਤੱਕ ਹਿਰਾਸਤ 'ਚ ਭੇਜ ਦਿੱਤਾ ਸੀ। ਆਪਣੀ ਗ੍ਰਿਫ਼ਤਾਰੀ ਤੋਂ ਬਾਅਦ ਵੀ ਅਰਵਿੰਦ ਕੇਜਰੀਵਾਲ ਨੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਨਹੀਂ ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਉਹ ਦਿੱਲੀ ਦੇ ਮੁੱਖ ਮੰਤਰੀ ਬਣੇ ਰਹਿਣਗੇ ਅਤੇ ਲੋੜ ਪੈਣ 'ਤੇ ਜੇਲ੍ਹ ਤੋਂ ਸਰਕਾਰ ਚਲਾਉਣਗੇ।

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

### ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿੱਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਹੁਣ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿੱਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗ੍ਹਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਬਣਕੇ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਹਾਸਲ ਕਰ ਸਕਣ (ਇਸ ਤੋਂ ਇਲਾਵਾ ਇੱਕ ਵਿੱਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿੱਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜਕ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਵੱਧ ਤੋਂ ਵੱਧ ਹਿੱਸਾ ਪਾ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ। ਇਹ ਜਗ੍ਹਾ £650,000 ਦੀ ਹੈ ਆਪ ਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ। ਇੱਕ ਵਾਰ ਸੇਵਾ ਦੇਣੀ ਜਾਂ ਪ੍ਰਤੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨਾ ਜਿਹੜਾ ਆਪ ਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।

**ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਉਂਟ ਵਿੱਚ ਭੇਜ ਸਕਦੇ ਹੋ ਜੀ:**

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵੇਲੇ ਜ਼ਰੂਰ ਲਿਖੋ ਜੀ। ਧੰਨਵਾਦ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

Stay Connected:
email: info@damdamitaksal.co.uk
DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642





# ਸੰਤ ਬਾਬਾ ਗੁਰਬਚਨ ਸਿੰਘ ਜੀ ਡੰਡੇਵਾਲ ਵਾਲਿਆਂ ਦਾ ਮਨਾਇਆ ਜਨਮ ਦਿਨ



**ਚੌਕ ਮਹਿਤਾ, 28 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )-** ਗੁਰਦੁਆਰਾ ਹੋਲਗੜ ਸੰਪਰਦਾਇ ਹਰਖੋਵਾਲ ਖੁਜਾਲਾ ਦੇ ਮੁੱਖੀ ਅਤੇ ਸੰਤ ਸਮਾਜ ਦੇ ਮੁੱਖ ਬੁਲਾਰੇ ਸੰਤ ਬਾਬਾ ਗੁਰਭੇਜ ਸਿੰਘ ਜੀ ਦੀ ਅਗਵਾਈ ਹੇਠ ਮਹਾਨ ਤਪੱਸਵੀ ਸੰਤ ਬਾਬਾ ਗੁਰਬਚਨ ਸਿੰਘ ਜੀ ਡੰਡੇਵਾਲ ਵਾਲਿਆਂ ਜਨਮ ਦਿਨ ਮਨਾਇਆ ਗਿਆ। ਅਤੇ ਹੋਲੇ ਮਹੱਲੇ ਸੰਬੰਧ ਵਿੱਚ ਪਿਛਲੇ ਦਿਨਾਂ ਤੋਂ ਲਗਾਇ ਹੋਏ ਲੰਗਰਾਂ ਦੀ ਸਮਾਪਤੀ ਕੀਤੀ ਗਈ। ਇਸ ਦੌਰਾਨ ਸੰਤ ਬਾਬਾ ਅਮਰਜੀਤ ਸਿੰਘ ਜੀ ਮੁੱਖੀ ਹਰਖੋਵਾਲ ਸੰਪਰਦਾਇ ਹਰਖੋਵਾਲ, ਸਵਾਮੀ ਪਰਮਾਨੰਦ ਜੀ ਡੇਰਾ ਬਾਬਾ ਹੰਦਾਲ ਜੀ ਜੰਡਿਆਲਾ ਗੁਰੂ ਵਾਲੇ ਸਾਬਕਾ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ ਵਾਲੇ, ਸੰਤ ਬਾਬਾ ਸੁਖਵਿੰਦਰ ਸਿੰਘ ਮਲਕਪੁਰ ਵਾਲੇ, ਸੰਤ ਬਾਬਾ ਸਰਵਨ ਸਿੰਘ ਮਲਕ ਪੁਰ ਵਾਲੇ, ਸੰਤ ਬਾਬਾ ਗੁਰਦੀਦਾਰ ਸਿੰਘ ਭੂਰੀ ਵਾਲੇ, ਸੰਤ ਬਾਬਾ ਗੁਰਮੀਤ ਸਿੰਘ ਬੱਦੋਵਾਲ ਵਾਲੇ ਆਦਿ ਬਹੁਤ ਗਿਣਤੀ ਵਿੱਚ ਸੰਤ ਮਹਾਪੁਰਖ ਸਿੱਖ ਸੰਗਤਾਂ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV









# SANT BEANT SINGH JI

BER KALAN WALE | UK TOUR 2024

SAT 2ND MARCH - SUN 3RD MARCH: SOUTHAMPTON

MON 4TH MARCH - SUN 10TH MARCH 7:40-8:20PM:
NANAKSAR THATH ISHER DARBAR, WOLVERHAMPTON, WV3 0JU

MON 11TH MARCH - TUES 12TH MARCH 7:30-8:00PM:
GURU HAR RAI GURDWARA, WEST BROMWICH, B70 6JW

WED 13TH MARCH - FRI 15TH MARCH 6:45-7:45PM:
DARBAR SRI GURU GRANTH SAHIB JI, WALSALL, WS2 9EQ

SAT 16TH MARCH 7:30-8:00PM:
GURU HAR RAI GURDWARA, WEST BROMWICH, B70 6JW

SUN 17TH MARCH 2:00-3:00PM:
GURU HAR RAI GURDWARA, WEST BROMWICH, B70 6JW

SUN 17TH MARCH 6:30-7:30PM:
GURDWARA GURU NANAK PARKASH, COVENTRY, CV1 4FB

MON 18TH - SUN 24TH MARCH
7:30-8:15AM | 10:00-11:00AM | 6:30-7:15PM:
BABA SANG GURDWARA, SMETHWICK, B66 1EE

MON 25TH - SUN 31ST MARCH: SOUTHALL



SANT BEANT SINGH | WHATSAPP: +918530000006

ਪਤੀਓ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net

ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA
WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ**

**Khande Bate di Pahul Shak Ke Guru Wale Bano**

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

**Join Gurbani Santhia and Gurmat Sikhia**

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

**Learn Kirtan Katha Kavishri and Dhadi Waran**

**ਗੁਰਮੁਖੀ ਪੰਜਾਬੀ ਸਿੱਖੋ**


**Learn Gurmukhi Punjabi**

**ਗਤਕਾ ਸਿੱਖੋ** **Learn Gatka**

www.damdamitaksal.net

*ਸਾਬਤ ਸੂਰਤਿ ਦਸਤਾਰ ਸਿਰਾ*

## ਦਸਤਾਰਾਂ ਹੀ ਦਸਤਾਰਾਂ



## ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ.:

**+91 98882-22446**

# ASA Gas Heating Solution Ltd.

| | |
|---|---|
| Boilers | Gas Safety Inspections |
| Certificates | Plumbing Work |
| Gas Work | |
| Cylinders | Vaillant APPROVED INSTALLER / WORCESTER Bosch Group |
| Maintenance Services | |

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

**Mr. Simran Singh : 0749 534 2620**
asagasheatingsolutions@gmail.com

Call us now for a Free no-olbigation quote

ਹਰਿਆਣਾ ਕਮੇਟੀ ਨੇ ਧਰਮ ਪ੍ਰਚਾਰ ਦੀ ਕਮਾਨ

# ਸਰਬਸੰਮਤੀ ਨਾਲ ਜਥੇਦਾਰ ਦਾਦੂਵਾਲ ਨੂੰ ਸੌਂਪੀ

## ਜਰਨਲ ਹਾਊਸ ਨੇ ਸਰਬਸੰਮਤੀ ਨਾਲ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਹਰਿਆਣਾ ਕਮੇਟੀ ਧਰਮ ਪ੍ਰਚਾਰ ਦਾ ਚੇਅਰਮੈਨ ਨਿਯੁਕਤ ਕੀਤਾ ਨਵੀਂ ਚੁਣੀ ਕਾਰਜ਼ਕਰਨੀ ਅਤੇ ਜਨਰਲ ਹਾਊਸ ਨੇ ਸਾਲ 2024-25 ਦਾ ਵਿੱਤੀ ਬਜ਼ਟ ਜੈਕਾਰਿਆਂ ਦੀ ਗੂੰਜ ਵਿੱਚ ਪਾਸ ਕੀਤਾ













**ਕਰਨਾਲ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਰਨਲ ਇਜਲਾਸ ਵਿੱਚ ਅੱਜ ਨਵੀਂ ਕਾਰਜ਼ਕਰਨੀ ਦੀ ਜਨਰਲ ਹਾਊਸ ਨੇ ਸਰਬਸੰਮਤੀ ਨਾਲ ਚੋਣ ਕੀਤੀ ਕਮੇਟੀ ਦੇ ਸਪੋਰਟਸਮੈਨ ਕੰਵਲਜੀਤ ਸਿੰਘ ਅਜਰਾਣਾ ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆ ਦੱਸਿਆ ਕੇ ਅੱਜ ਜਰਨਲ ਇਜਲਾਸ ਵਲੋਂ ਕਰਵਾਈ ਚੋਂਣ ਵਿੱਚ ਪ੍ਰਧਾਨ ਸਰਦਾਰ ਭੁਪਿੰਦਰ ਸਿੰਘ ਅਸੰਧ,ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਸਹਿਗਲ ਅੰਬਾਲਾ,ਜੂਨੀਅਰ ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਅਜਰਾਣਾ,ਜਰਨਲ ਸਕੱਤਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ,ਮੀਤ ਸਕੱਤਰ ਗੁਲਾਬ ਸਿੰਘ ਮੂਨਕ ਕਰਨਾਲ,6 ਕਾਰਜ਼ਕਰਨੀ ਮੈਂਬਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਿਰਸਾ,ਜਗਸੀਰ ਸਿੰਘ ਮਾਂਗੇਆਣਾ ਸਿਰਸਾ,ਤਰਵਿੰਦਰਪਾਲ ਸਿੰਘ ਅੰਬਾਲਾ,ਤਜਿੰਦਰਪਾਲ ਸਿੰਘ ਨਾਰਨੌਲ ਮਹਿੰਦਰਗੜ,ਬਲਦੇਵ ਸਿੰਘ ਖਾਲਸਾ ਟੋਹਾਣਾ,ਸੁਦਰਸ਼ਨ ਸਿੰਘ ਗਾਵੜੀ ਭਿਵਾਨੀ ਚੁਣੇ ਗਏ, ਜਰਨਲ ਸਕੱਤਰ ਪਦ ਵਾਸਤੇ ਆਰਜੀ ਜਰਨਲ ਸਕੱਤਰ ਰਮਣੀਕ ਸਿੰਘ ਮਾਨ ਅਤੇ ਸੁਖਵਿੰਦਰ ਸਿੰਘ ਮੰਡੇਬਰ 2 ਉਮੀਦਵਾਰ ਖੜੇ ਹੋਏ ਮਾਨ ਨੂੰ 4 ਵੋਟਾਂ ਅਤੇ ਮੰਡੇਬਰ ਨੂੰ 27 ਵੋਟਾਂ ਪਈਆਂ ਮੰਡੇਬਰ ਚੁਣੇ ਜਾਣ ਤੋਂ ਬਾਅਦ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ,ਮੋਹਣਜੀਤ ਸਿੰਘ ਪਾਣੀਪੱਤ,ਗੁਰਬਖਸ਼ ਸਿੰਘ ਯਮੁਨਾਨਗਰ,ਵਿਨਰ ਸਿੰਘ ਸਾਹਾ ਅੰਬਾਲਾ ਉਠ ਕੇ ਬਾਹਰ ਚਲੇ ਗਏਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਰਨਲ ਇਜਲਾਸ ਵਿੱਚ ਅੱਜ ਨਵੀਂ ਕਾਰਜ਼ਕਰਨੀ ਦੀ ਜਨਰਲ ਹਾਊਸ ਨੇ ਸਰਬਸੰਮਤੀ ਨਾਲ ਚੋਣ ਕੀਤੀ ਜਿਸ ਵਿੱਚ ਪ੍ਰਧਾਨ ਸਰਦਾਰ ਭੁਪਿੰਦਰ ਸਿੰਘ ਅਸੰਧ,ਸੀਨੀਅਰ ਮੀਤ ਪ੍ਰਧਾਨ ਸੁਦਰਸ਼ਨ ਸਿੰਘ ਸਹਿਗਲ ਅੰਬਾਲਾ,ਜੂਨੀਅਰ ਮੀਤ ਪ੍ਰਧਾਨ ਬੀਬੀ ਰਵਿੰਦਰ ਕੌਰ ਅਜਰਾਣਾ,ਜਰਨਲ ਸਕੱਤਰ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ,ਮੀਤ ਸਕੱਤਰ ਗੁਲਾਬ ਸਿੰਘ ਮੂਨਕ ਕਰਨਾਲ,6 ਕਾਰਜ਼ਕਰਨੀ ਮੈਂਬਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸਿਰਸਾ,ਜਗਸੀਰ ਸਿੰਘ ਮਾਂਗੇਆਣਾ ਸਿਰਸਾ,ਤਰਵਿੰਦਰਪਾਲ ਸਿੰਘ ਅੰਬਾਲਾ,ਤਜਿੰਦਰਪਾਲ ਸਿੰਘ ਨਾਰਨੌਲ ਮਹਿੰਦਰਗੜ,ਬਲਦੇਵ ਸਿੰਘ ਖਾਲਸਾ ਟੋਹਾਣਾ,ਸੁਦਰਸ਼ਨ ਸਿੰਘ ਗਾਵੜੀ ਭਿਵਾਨੀ ਸਰਬਸੰਮਤੀ ਨਾਲ ਚੁਣੇ ਗਏ,ਜਰਨਲ ਸਕੱਤਰ ਪਦ ਵਾਸਤੇ ਆਰਜੀ ਜਰਨਲ ਸਕੱਤਰ ਰਮਣੀਕ ਸਿੰਘ ਮਾਨ ਅਤੇ ਸੁਖਵਿੰਦਰ ਸਿੰਘ ਮੰਡੇਬਰ 2 ਉਮੀਦਵਾਰ ਖੜੇ ਹੋਏ ਮਾਨ ਨੂੰ 4 ਵੋਟਾਂ ਅਤੇ ਮੰਡੇਬਰ ਨੂੰ 27 ਵੋਟਾਂ ਪਈਆਂ ਮੰਡੇਬਰ ਚੁਣੇ ਜਾਣ ਤੋਂ ਬਾਅਦ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ,ਮੋਹਣਜੀਤ ਸਿੰਘ ਪਾਣੀਪੱਤ,ਗੁਰਬਖਸ਼ ਸਿੰਘ ਯਮੁਨਾਨਗਰ,ਵਿਨਰ ਸਿੰਘ ਸਾਹਾ ਅੰਬਾਲਾ ਉਠ ਕੇ ਬਾਹਰ ਚਲੇ ਗਏ,ਜਰਨਲ ਹਾਊਸ ਨੇ ਸਰਬਸੰਮਤੀ ਨਾਲ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਹਰਿਆਣਾ ਕਮੇਟੀ ਧਰਮ ਪ੍ਰਚਾਰ ਦਾ ਚੇਅਰਮੈਨ ਨਿਯੁਕਤ ਕੀਤਾ ਨਵੀਂ ਚੁਣੀ ਕਾਰਜ਼ਕਰਨੀ ਅਤੇ ਜਨਰਲ ਹਾਊਸ ਨੇ ਸਾਲ 2024-25 ਦਾ ਵਿੱਤੀ ਬਜ਼ਟ ਜੈਕਾਰਿਆਂ ਦੀ ਗੂੰਜ ਵਿੱਚ ਪਾਸ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV



ੴ ਸ਼੍ਰੀ ਵਾਹਿਗੁਰੂ ਜੀ ਕੀ ਫਤਿਹ
ਸਿੱਖ ਫੁੱਲਵਾੜੀ ਵਿਕਾਸ ਗੁਰਮਤਿ ਕੇਂਦਰ (ਰਜਿ:)
ਗੁ: ਰੋੜੀ ਸਾਹਿਬ ਪਿੰਡ ਡਾਲਾ
ਖਾਲਸਾਈ ਖੇਡਾਂ
ਮਿਤੀ 6 ਅਪ੍ਰੈਲ 2024 ਦਿਨ ਸ਼ਨੀਵਾਰ
ਗੱਤਕਾ ਕੱਪ
ਆਵਾਜ਼ਿ ਕੌਮ
AWAZE QAUM
International Newspaper & WEB TV
ਨਾਟਕ
ਕੋਰੀਉਗ੍ਰਾਫੀ
ਗੱਤਕਾ ਮੁਕਾਬਲੇ
ਆਰੰਭ ਸ਼੍ਰੀ ਆਖੰਡ ਪਾਠ ਸਾਹਿਬ ਮਿਤੀ : 4 ਅਪ੍ਰੈਲ ਦਿਨ ਵੀਰਵਾਰ
ਭੋਗ ਸ਼੍ਰੀ ਆਖੰਡ ਪਾਠ ਸਾਹਿਬ ਮਿਤੀ : 6 ਅਪ੍ਰੈਲ ਦਿਨ ਸ਼ਨੀਵਾਰ
ਗੁ: ਰੋੜੀ ਸਾਹਿਬ, ਪਿੰਡ ਡਾਲਾ (ਮੋਗਾ)
LIVE ON
Nihang TV
ਭੋਗ ਉਪਰੰਤ
ਭਾਈ ਮਨਧੀਰ ਸਿੰਘ ਖਾਲਸਾ
ਸੰਗਤਾ ਨੂੰ ਗੁਰਮਤਿ ਵਿਚਾਰਾਂ ਰਾਂਹੀ
ਨਿਹਾਲ ਕਰਨਗੇ
Sikh phulwari vikas gurmat kendar dala
Like us Facebook page
ਸਮਾ:- ਗੱਤਕਾ ਸ਼ਾਮ 6ਵਜੇ ਤੋਂ ਦੇਰ ਰਾਤ ਤੱਕ
ਸਪੰਰਕ : 94658-51126, 92172-11786




GURUJI
FLEX MOGA
WALLPAPER
FLOOR MATT
FLEX, VINYAL, ONEWAY VISION PRINTING 98141-83619

# ਸੰਮਤ ੫੫੬ ਨਾਨਕਸ਼ਾਹੀ ਕੈਲੰਡਰ




### ਚੇਤ (ਮਾਰਚ-24 – ਅਪ੍ਰੈਲ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ 14 ਮਾਰਚ | ੨ 15 ਮਾਰਚ | ੩ 16 ਮਾਰਚ |
| ੪ 17 ਮਾਰਚ | ੫ 18 ਮਾਰਚ | ੬ 19 ਮਾਰਚ | ੭ 20 ਮਾਰਚ | ੮ 21 ਮਾਰਚ | ੯ 22 ਮਾਰਚ | ੧੦ 23 ਮਾਰਚ |
| ੧੧ 24 ਮਾਰਚ | ੧੨ 25 ਮਾਰਚ | ੧੩ 26 ਮਾਰਚ | ੧੪ 27 ਮਾਰਚ | ੧੫ 28 ਮਾਰਚ | ੧੬ 29 ਮਾਰਚ | ੧੭ 30 ਮਾਰਚ |
| ੧੮ 31 ਮਾਰਚ | ੧੯ 1 ਅਪ੍ਰੈਲ | ੨੦ 2 ਅਪ੍ਰੈਲ | ੨੧ 3 ਅਪ੍ਰੈਲ | ੨੨ 4 ਅਪ੍ਰੈਲ | ੨੩ 5 ਅਪ੍ਰੈਲ | ੨੪ 6 ਅਪ੍ਰੈਲ |
| ੨੫ 7 ਅਪ੍ਰੈਲ | ੨੬ 8 ਅਪ੍ਰੈਲ | ੨੭ 9 ਅਪ੍ਰੈਲ | ੨੮ 10 ਅਪ੍ਰੈਲ | ੨੯ 11 ਅਪ੍ਰੈਲ | ੩੦ 12 ਅਪ੍ਰੈਲ | |

### ਵੈਸਾਖ (ਅਪ੍ਰੈਲ-24 – ਮਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੦ 12 ਮਈ | ੩੧ 13 ਮਈ | | | | | ੧ 13 ਅਪ੍ਰੈਲ |
| ੨ 14 ਅਪ੍ਰੈਲ | ੩ 15 ਅਪ੍ਰੈਲ | ੪ 16 ਅਪ੍ਰੈਲ | ੫ 17 ਅਪ੍ਰੈਲ | ੬ 18 ਅਪ੍ਰੈਲ | ੭ 19 ਅਪ੍ਰੈਲ | ੮ 20 ਅਪ੍ਰੈਲ |
| ੯ 21 ਅਪ੍ਰੈਲ | ੧੦ 22 ਅਪ੍ਰੈਲ | ੧੧ 23 ਅਪ੍ਰੈਲ | ੧੨ 24 ਅਪ੍ਰੈਲ | ੧੩ 25 ਅਪ੍ਰੈਲ | ੧੪ 26 ਅਪ੍ਰੈਲ | ੧੫ 27 ਅਪ੍ਰੈਲ |
| ੧੬ 28 ਅਪ੍ਰੈਲ | ੧੭ 29 ਅਪ੍ਰੈਲ | ੧੮ 30 ਅਪ੍ਰੈਲ | ੧੯ 1 ਮਈ | ੨੦ 2 ਮਈ | ੨੧ 3 ਮਈ | ੨੨ 4 ਮਈ |
| ੨੩ 5 ਮਈ | ੨੪ 6 ਮਈ | ੨੫ 7 ਮਈ | ੨੬ 8 ਮਈ | ੨੭ 9 ਮਈ | ੨੮ 10 ਮਈ | ੨੯ 11 ਮਈ |

### ਜੇਠ (ਮਈ-24 – ਜੂਨ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ 14 ਮਈ | ੨ 15 ਮਈ | ੩ 16 ਮਈ | ੪ 17 ਮਈ | ੫ 18 ਮਈ |
| ੬ 19 ਮਈ | ੭ 20 ਮਈ | ੮ 21 ਮਈ | ੯ 22 ਮਈ | ੧੦ 23 ਮਈ | ੧੧ 24 ਮਈ | ੧੨ 25 ਮਈ |
| ੧੩ 26 ਮਈ | ੧੪ 27 ਮਈ | ੧੫ 28 ਮਈ | ੧੬ 29 ਮਈ | ੧੭ 30 ਮਈ | ੧੮ 31 ਮਈ | ੧੯ 1 ਜੂਨ |
| ੨੦ 2 ਜੂਨ | ੨੧ 3 ਜੂਨ | ੨੨ 4 ਜੂਨ | ੨੩ 5 ਜੂਨ | ੨੪ 6 ਜੂਨ | ੨੫ 7 ਜੂਨ | ੨੬ 8 ਜੂਨ |
| ੨੭ 9 ਜੂਨ | ੨੮ 10 ਜੂਨ | ੨੯ 11 ਜੂਨ | ੩੦ 12 ਜੂਨ | ੩੧ 13 ਜੂਨ | | |

### ਹਾੜ (ਜੂਨ-24 – ਜੁਲਾਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ 14 ਜੁਲਾਈ | 32 15 ਜੁਲਾਈ | | | | ੧ 14 ਜੂਨ | ੨ 15 ਜੂਨ |
| ੩ 16 ਜੂਨ | ੪ 17 ਜੂਨ | ੫ 18 ਜੂਨ | ੬ 19 ਜੂਨ | ੭ 20 ਜੂਨ | ੮ 21 ਜੂਨ | ੯ 22 ਜੂਨ |
| ੧੦ 23 ਜੂਨ | ੧੧ 24 ਜੂਨ | ੧੨ 25 ਜੂਨ | ੧੩ 26 ਜੂਨ | ੧੪ 27 ਜੂਨ | ੧੫ 28 ਜੂਨ | ੧੬ 29 ਜੂਨ |
| ੧੭ 30 ਜੂਨ | ੧੮ 1 ਜੁਲਾਈ | ੧੯ 2 ਜੁਲਾਈ | ੨੦ 3 ਜੁਲਾਈ | ੨੧ 4 ਜੁਲਾਈ | ੨੨ 5 ਜੁਲਾਈ | ੨੩ 6 ਜੁਲਾਈ |
| ੨੪ 7 ਜੁਲਾਈ | ੨੫ 8 ਜੁਲਾਈ | ੨੬ 9 ਜੁਲਾਈ | ੨੭ 10 ਜੁਲਾਈ | ੨੮ 11 ਜੁਲਾਈ | ੨੯ 12 ਜੁਲਾਈ | ੩੦ 13 ਜੁਲਾਈ |

### ਸਾਵਣ (ਜੁਲਾਈ-24 – ਅਗਸਤ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ 16 ਜੁਲਾਈ | ੨ 17 ਜੁਲਾਈ | ੩ 18 ਜੁਲਾਈ | ੪ 19 ਜੁਲਾਈ | ੫ 20 ਜੁਲਾਈ |
| ੬ 21 ਜੁਲਾਈ | ੭ 22 ਜੁਲਾਈ | ੮ 23 ਜੁਲਾਈ | ੯ 24 ਜੁਲਾਈ | ੧੦ 25 ਜੁਲਾਈ | ੧੧ 26 ਜੁਲਾਈ | ੧੨ 27 ਜੁਲਾਈ |
| ੧੩ 28 ਜੁਲਾਈ | ੧੪ 29 ਜੁਲਾਈ | ੧੫ 30 ਜੁਲਾਈ | ੧੬ 31 ਜੁਲਾਈ | ੧੭ 1 ਅਗਸਤ | ੧੮ 2 ਅਗਸਤ | ੧੯ 3 ਅਗਸਤ |
| ੨੦ 4 ਅਗਸਤ | ੨੧ 5 ਅਗਸਤ | ੨੨ 6 ਅਗਸਤ | ੨੩ 7 ਅਗਸਤ | ੨੪ 8 ਅਗਸਤ | ੨੫ 9 ਅਗਸਤ | ੨੬ 10 ਅਗਸਤ |
| ੨੭ 11 ਅਗਸਤ | ੨੮ 12 ਅਗਸਤ | ੨੯ 13 ਅਗਸਤ | ੩੦ 14 ਅਗਸਤ | ੩੧ 15 ਅਗਸਤ | | |

### ਭਾਦੋਂ (ਅਗਸਤ-24 – ਸਤੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ 15 ਸਤੰਬਰ | | | | | ੧ 16 ਅਗਸਤ | ੨ 17 ਅਗਸਤ |
| ੩ 18 ਅਗਸਤ | ੪ 19 ਅਗਸਤ | ੫ 20 ਅਗਸਤ | ੬ 21 ਅਗਸਤ | ੭ 22 ਅਗਸਤ | ੮ 23 ਅਗਸਤ | ੯ 24 ਅਗਸਤ |
| ੧੦ 25 ਅਗਸਤ | ੧੧ 26 ਅਗਸਤ | ੧੨ 27 ਅਗਸਤ | ੧੩ 28 ਅਗਸਤ | ੧੪ 29 ਅਗਸਤ | ੧੫ 30 ਅਗਸਤ | ੧੬ 31 ਅਗਸਤ |
| ੧੭ 1 ਸਤੰਬਰ | ੧੮ 2 ਸਤੰਬਰ | ੧੯ 3 ਸਤੰਬਰ | ੨੦ 4 ਸਤੰਬਰ | ੨੧ 5 ਸਤੰਬਰ | ੨੨ 6 ਸਤੰਬਰ | ੨੩ 7 ਸਤੰਬਰ |
| ੨੪ 8 ਸਤੰਬਰ | ੨੫ 9 ਸਤੰਬਰ | ੨੬ 10 ਸਤੰਬਰ | ੨੭ 11 ਸਤੰਬਰ | ੨੮ 12 ਸਤੰਬਰ | ੨੯ 13 ਸਤੰਬਰ | ੩੦ 14 ਸਤੰਬਰ |

### ਅੱਸੂ (ਸਤੰਬਰ-24 – ਅਕਤੂਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | ੧ 16 ਸਤੰਬਰ | ੨ 17 ਸਤੰਬਰ | ੩ 18 ਸਤੰਬਰ | ੪ 19 ਸਤੰਬਰ | ੫ 20 ਸਤੰਬਰ | ੬ 21 ਸਤੰਬਰ |
| ੭ 22 ਸਤੰਬਰ | ੮ 23 ਸਤੰਬਰ | ੯ 24 ਸਤੰਬਰ | ੧੦ 25 ਸਤੰਬਰ | ੧੧ 26 ਸਤੰਬਰ | ੧੨ 27 ਸਤੰਬਰ | ੧੩ 28 ਸਤੰਬਰ |
| ੧੪ 29 ਸਤੰਬਰ | ੧੫ 30 ਸਤੰਬਰ | ੧੬ 1 ਅਕਤੂਬਰ | ੧੭ 2 ਅਕਤੂਬਰ | ੧੮ 3 ਅਕਤੂਬਰ | ੧੯ 4 ਅਕਤੂਬਰ | ੨੦ 5 ਅਕਤੂਬਰ |
| ੨੧ 6 ਅਕਤੂਬਰ | ੨੨ 7 ਅਕਤੂਬਰ | ੨੩ 8 ਅਕਤੂਬਰ | ੨੪ 9 ਅਕਤੂਬਰ | ੨੫ 10 ਅਕਤੂਬਰ | ੨੬ 11 ਅਕਤੂਬਰ | ੨੭ 12 ਅਕਤੂਬਰ |
| ੨੮ 13 ਅਕਤੂਬਰ | ੨੯ 14 ਅਕਤੂਬਰ | ੩੦ 15 ਅਕਤੂਬਰ | ੩੧ 16 ਅਕਤੂਬਰ | | | |

### ਕੱਤਕ (ਅਕਤੂਬਰ-24 – ਨਵੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ 17 ਅਕਤੂਬਰ | ੨ 18 ਅਕਤੂਬਰ | ੩ 19 ਅਕਤੂਬਰ |
| ੪ 20 ਅਕਤੂਬਰ | ੫ 21 ਅਕਤੂਬਰ | ੬ 22 ਅਕਤੂਬਰ | ੭ 23 ਅਕਤੂਬਰ | ੮ 24 ਅਕਤੂਬਰ | ੯ 25 ਅਕਤੂਬਰ | ੧੦ 26 ਅਕਤੂਬਰ |
| ੧੧ 27 ਅਕਤੂਬਰ | ੧੨ 28 ਅਕਤੂਬਰ | ੧੩ 29 ਅਕਤੂਬਰ | ੧੪ 30 ਅਕਤੂਬਰ | ੧੫ 31 ਅਕਤੂਬਰ | ੧੬ 1 ਨਵੰਬਰ | ੧੭ 2 ਨਵੰਬਰ |
| ੧੮ 3 ਨਵੰਬਰ | ੧੯ 4 ਨਵੰਬਰ | ੨੦ 5 ਨਵੰਬਰ | ੨੧ 6 ਨਵੰਬਰ | ੨੨ 7 ਨਵੰਬਰ | ੨੩ 8 ਨਵੰਬਰ | ੨੪ 9 ਨਵੰਬਰ |
| ੨੫ 10 ਨਵੰਬਰ | ੨੬ 11 ਨਵੰਬਰ | ੨੭ 12 ਨਵੰਬਰ | ੨੮ 13 ਨਵੰਬਰ | ੨੯ 14 ਨਵੰਬਰ | ੩੦ 15 ਨਵੰਬਰ | |

### ਮੱਘਰ (ਨਵੰਬਰ-24 – ਦਸੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | | | ੧ 16 ਨਵੰਬਰ |
| ੨ 17 ਨਵੰਬਰ | ੩ 18 ਨਵੰਬਰ | ੪ 19 ਨਵੰਬਰ | ੫ 20 ਨਵੰਬਰ | ੬ 21 ਨਵੰਬਰ | ੭ 22 ਨਵੰਬਰ | ੮ 23 ਨਵੰਬਰ |
| ੯ 24 ਨਵੰਬਰ | ੧੦ 25 ਨਵੰਬਰ | ੧੧ 26 ਨਵੰਬਰ | ੧੨ 27 ਨਵੰਬਰ | ੧੩ 28 ਨਵੰਬਰ | ੧੪ 29 ਨਵੰਬਰ | ੧੫ 30 ਨਵੰਬਰ |
| ੧੬ 1 ਦਸੰਬਰ | ੧੭ 2 ਦਸੰਬਰ | ੧੮ 3 ਦਸੰਬਰ | ੧੯ 4 ਦਸੰਬਰ | ੨੦ 5 ਦਸੰਬਰ | ੨੧ 6 ਦਸੰਬਰ | ੨੨ 7 ਦਸੰਬਰ |
| ੨੩ 8 ਦਸੰਬਰ | ੨੪ 9 ਦਸੰਬਰ | ੨੫ 10 ਦਸੰਬਰ | ੨੬ 11 ਦਸੰਬਰ | ੨੭ 12 ਦਸੰਬਰ | ੨੮ 13 ਦਸੰਬਰ | ੨੯ 14 ਦਸੰਬਰ |

### ਪੋਹ (ਦਸੰਬਰ-24 – ਜਨਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੧ 15 ਦਸੰਬਰ | ੨ 16 ਦਸੰਬਰ | ੩ 17 ਦਸੰਬਰ | ੪ 18 ਦਸੰਬਰ | ੫ 19 ਦਸੰਬਰ | ੬ 20 ਦਸੰਬਰ | ੭ 21 ਦਸੰਬਰ |
| ੮ 22 ਦਸੰਬਰ | ੯ 23 ਦਸੰਬਰ | ੧੦ 24 ਦਸੰਬਰ | ੧੧ 25 ਦਸੰਬਰ | ੧੨ 26 ਦਸੰਬਰ | ੧੩ 27 ਦਸੰਬਰ | ੧੪ 28 ਦਸੰਬਰ |
| ੧੫ 29 ਦਸੰਬਰ | ੧੬ 30 ਦਸੰਬਰ | ੧੭ 31 ਦਸੰਬਰ | ੧੮ 1 ਜਨਵਰੀ | ੧੯ 2 ਜਨਵਰੀ | ੨੦ 3 ਜਨਵਰੀ | ੨੧ 4 ਜਨਵਰੀ |
| ੨੨ 5 ਜਨਵਰੀ | ੨੩ 6 ਜਨਵਰੀ | ੨੪ 7 ਜਨਵਰੀ | ੨੫ 8 ਜਨਵਰੀ | ੨੬ 9 ਜਨਵਰੀ | ੨੭ 10 ਜਨਵਰੀ | ੨੮ 11 ਜਨਵਰੀ |
| ੨੯ 12 ਜਨਵਰੀ | ੩੦ 13 ਜਨਵਰੀ | | | | | |

### ਮਾਘ (ਜਨਵਰੀ-25 – ਫਰਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ 14 ਜਨਵਰੀ | ੨ 15 ਜਨਵਰੀ | ੩ 16 ਜਨਵਰੀ | ੪ 17 ਜਨਵਰੀ | ੫ 18 ਜਨਵਰੀ |
| ੬ 19 ਜਨਵਰੀ | ੭ 20 ਜਨਵਰੀ | ੮ 21 ਜਨਵਰੀ | ੯ 22 ਜਨਵਰੀ | ੧੦ 23 ਜਨਵਰੀ | ੧੧ 24 ਜਨਵਰੀ | ੧੨ 25 ਜਨਵਰੀ |
| ੧੩ 26 ਜਨਵਰੀ | ੧੪ 27 ਜਨਵਰੀ | ੧੫ 28 ਜਨਵਰੀ | ੧੬ 29 ਜਨਵਰੀ | ੧੭ 30 ਜਨਵਰੀ | ੧੮ 31 ਜਨਵਰੀ | ੧੯ 1 ਫਰਵਰੀ |
| ੨੦ 2 ਫਰਵਰੀ | ੨੧ 3 ਫਰਵਰੀ | ੨੨ 4 ਫਰਵਰੀ | ੨੩ 5 ਫਰਵਰੀ | ੨੪ 6 ਫਰਵਰੀ | ੨੫ 7 ਫਰਵਰੀ | ੨੬ 8 ਫਰਵਰੀ |
| ੨੭ 9 ਫਰਵਰੀ | ੨੮ 10 ਫਰਵਰੀ | ੨੯ 11 ਫਰਵਰੀ | | | | |

### ਫੱਗਣ (ਫਰਵਰੀ-25 – ਮਾਰਚ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | ੧ 12 ਫਰਵਰੀ | ੨ 13 ਫਰਵਰੀ | ੩ 14 ਫਰਵਰੀ | ੪ 15 ਫਰਵਰੀ |
| ੫ 16 ਫਰਵਰੀ | ੬ 17 ਫਰਵਰੀ | ੭ 18 ਫਰਵਰੀ | ੮ 19 ਫਰਵਰੀ | ੯ 20 ਫਰਵਰੀ | ੧੦ 21 ਫਰਵਰੀ | ੧੧ 22 ਫਰਵਰੀ |
| ੧੨ 23 ਫਰਵਰੀ | ੧੩ 24 ਫਰਵਰੀ | ੧੪ 25 ਫਰਵਰੀ | ੧੫ 26 ਫਰਵਰੀ | ੧੬ 27 ਫਰਵਰੀ | ੧੭ 28 ਫਰਵਰੀ | ੧੮ 1 ਮਾਰਚ |
| ੧੯ 2 ਮਾਰਚ | ੨੦ 3 ਮਾਰਚ | ੨੧ 4 ਮਾਰਚ | ੨੨ 5 ਮਾਰਚ | ੨੩ 6 ਮਾਰਚ | ੨੪ 7 ਮਾਰਚ | ੨੫ 8 ਮਾਰਚ |
| ੨੬ 9 ਮਾਰਚ | ੨੭ 10 ਮਾਰਚ | ੨੮ 11 ਮਾਰਚ | ੨੯ 12 ਮਾਰਚ | ੩੦ 13 ਮਾਰਚ | | |

● ਸੰਗਰਾਂਦ | ● ਮੱਸਿਆ | ● ਪੂਰਨਮਾਸੀ | ਗੁਰਪੁਰਬ | ਇਤਿਹਾਸਕ ਦਿਹਾੜੇ | ਸਰਕਾਰੀ ਛੁੱਟੀਆਂ | ਭਗਤ ਸਾਹਿਬਾਨ ਦੇ ਦਿਹਾੜੇ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ 556 | 01 ਚੇਤ |
| ਸ਼ਹੀਦੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ | 01 ਚੇਤ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ | 02 ਚੇਤ |
| ਸ਼ਹੀਦੀ ਸ. ਭਗਤ ਸਿੰਘ | 10 ਚੇਤ |
| ਸ਼ਹੀਦੀ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ਼ ਸਿੰਘ ਜੀ | 12 ਚੇਤ |
| ਹੋਲਾ ਮਹੱਲਾ | 13 ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 25 ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 27 ਚੇਤ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | 27 ਚੇਤ |
| ਜੋਤੀ-ਜੋਤਿ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 30 ਚੇਤ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 01 ਵੈਸਾਖ |
| ਖ਼ਾਲਸਾ ਸਾਜਣਾ ਦਿਵਸ (ਵੈਸਾਖੀ) | 01 ਵੈਸਾਖ |
| ਸਿੱਖ ਦਸਤਾਰ ਦਿਵਸ | 01 ਵੈਸਾਖ |
| ਜਨਮ ਦਿਹਾੜਾ ਭਗਤ ਧੰਨਾ ਜੀ | 08 ਵੈਸਾਖ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 10 ਵੈਸਾਖ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 10 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 17 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 18 ਵੈਸਾਖ |
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | 21 ਵੈਸਾਖ |
| ਜਨਮ ਸ. ਜੱਸਾ ਸਿੰਘ ਜੀ ਰਾਮਗੜ੍ਹੀਆ | 23 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 27 ਵੈਸਾਖ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | 30 ਵੈਸਾਖ |
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | 03 ਜੇਠ |
| ਜਨਮ ਸ. ਜੱਸਾ ਸਿੰਘ ਜੀ ਆਹਲੂਵਾਲੀਆ | 05 ਜੇਠ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 09 ਜੇਠ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | 09 ਜੇਠ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 18 ਜੇਠ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (1984) | 22 ਜੇਠ |
| ਸ਼ਹੀਦੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ | 24 ਜੇਠ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 28 ਜੇਠ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 09 ਹਾੜ |
| ਜਨਮ ਦਿਹਾੜਾ ਭਗਤ ਕਬੀਰ ਜੀ | 09 ਹਾੜ |
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | 11 ਹਾੜ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | 13 ਹਾੜ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | 25 ਹਾੜ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | 01 ਸਾਵਣ |
| ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ | 01 ਸਾਵਣ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 14 ਸਾਵਣ |
| ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) | 24 ਸਾਵਣ |
| ਭਾਰਤ ਦਾ ਅਜ਼ਾਦੀ ਦਿਵਸ | 31 ਸਾਵਣ |
| ਜੋੜ-ਮੇਲਾ ਬਾਬਾ ਬਕਾਲਾ | 04 ਭਾਦੋਂ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 14 ਭਾਦੋਂ |
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 20 ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 21 ਭਾਦੋਂ |
| ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 22 ਭਾਦੋਂ |
| ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ (ਬਟਾਲਾ) | 26 ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 01 ਅੱਸੂ |
| ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) 450 ਸਾਲਾ | 03 ਅੱਸੂ |
| ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 07 ਅੱਸੂ |
| ਜੋਤੀ-ਜੋਤਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 12 ਅੱਸੂ |
| ਦਰਬਾਰ ਖ਼ਾਲਸਾ (ਦੁਸਹਿਰਾ) | 27 ਅੱਸੂ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 03 ਕੱਤਕ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | 07 ਕੱਤਕ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 09 ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 09 ਕੱਤਕ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | 14 ਕੱਤਕ |
| ਸ਼ਹੀਦੀ ਭਾਈ ਬੇਅੰਤ ਸਿੰਘ ਜੀ | 15 ਕੱਤਕ |
| ਬੰਦੀ ਛੋੜ ਦਿਵਸ (ਦੀਵਾਲੀ) | 16 ਕੱਤਕ |
| ਪੰਜਾਬੀ ਸੂਬਾ ਦਿਵਸ | 16 ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 18 ਕੱਤਕ |
| ਜਨਮ ਮਾਤਾ ਸਾਹਿਬ ਕੌਰ ਜੀ | 18 ਕੱਤਕ |
| ਜੋਤੀ-ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 21 ਕੱਤਕ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 27 ਕੱਤਕ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 30 ਕੱਤਕ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 30 ਕੱਤਕ |
| ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | 30 ਕੱਤਕ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 13 ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ | 15 ਮੱਘਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 19 ਮੱਘਰ |
| ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ | 19 ਮੱਘਰ |
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 21 ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ | 29 ਮੱਘਰ |
| ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ | 29 ਮੱਘਰ |
| ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ | 06 ਪੋਹ |
| ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) | 07 ਪੋਹ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 08 ਪੋਹ |
| ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ | 09 ਪੋਹ |
| ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 13 ਪੋਹ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਪਹ ਸੁਦੀ ਸੱਤਵੀਂ) | 23 ਪੋਹ |
| ਸ਼ਹੀਦੀ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ | 23 ਪੋਹ |
| ਨੀਂਹ ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | 01 ਮਾਘ |
| ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | 01 ਮਾਘ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 14 ਮਾਘ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਗੁਰੂ ਕਾ ਲਾਹੌਰ) | 20 ਮਾਘ |
| ਬਸੰਤ ਪੰਚਮੀ | 20 ਮਾਘ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) | 27 ਮਾਘ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 28 ਮਾਘ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | 29 ਮਾਘ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 01 ਫੱਗਣ |
| ਸਾਕਾ ਨਨਕਾਣਾ ਸਾਹਿਬ | 10 ਫੱਗਣ |
| ਜੈਤੋ ਦਾ ਮੋਰਚਾ (ਫਰੀਦਕੋਟ) | 10 ਫੱਗਣ |

## ਪ੍ਰਕਾਸ਼ਕ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ.ਕੇ.

ਸੰਪਰਕ : +44 78139 53484, +44 75392 43163, +44 7976210161, +91 94788 97960 E-Mail : nsycuk1469@gmail.com, Web : www.nsycuk.com

ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥
ਖ਼ਾਲਸੇ ਮਹਿ ਹੌ ਕਰੌ ਨਿਵਾਸ ॥

# ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ

## Guru Nanak Gurdwara Cultural & Recreational Centre



ਵੱਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ

# ਧਾਰਮਿਕ ਸਮਾਗਮ

## 21 ਅਪ੍ਰੈਲ ਦਿਨ ਐਤਵਾਰ

### ★ ਪ੍ਰੋਗਰਾਮ ★

21 ਅਪ੍ਰੈਲ ਸਵੇਰੇ 11ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ।

ਉਪਰੰਤ ਭਾਈ ਇੰਦਰਜੀਤ ਸਿੰਘ ਬੰਬੇ ਵਾਲੇ ਜਥਾ ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਢਾਡੀ ਜਥਾ ਭਾਈ ਰਸਾਲ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ਼ ਜੋੜ ਸਿੱਖ ਇਤਿਹਾਸ ਦੀਆਂ ਵਾਰਾਂ ਨਾਲ਼ ਅਤੇ ਰਸ ਭਿੰਨੇ ਕੀਰਤਨ ਨਾਲ਼ ਨਿਹਾਲ ਕੀਤਾ ਜਾਵੇਗਾ।

ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸਿੱਖ ਇਤਿਹਾਸ ਸਰਵਣ ਕਰਕੇ ਲਾਹਾ ਪ੍ਰਾਪਤ ਕਰੋ ਜੀ।

ਉੱਘੀਆਂ ਪੰਥਕ ਸ਼ਖਸ਼ੀਅਤਾਂ ਵੀ ਇਸ ਸਮਾਗਮ ਆਪਣੇ ਵਿਚਾਰਾਂ ਨਾਲ਼ ਹਾਜ਼ਰੀ ਭਰਨਗੀਆ।

### ★ ਪ੍ਰਬੰਧਕ ਕਮੇਟੀ ★



ਭਾਈ ਭਾਗ ਸਿੰਘ (ਪ੍ਰਧਾਨ), ਭਾਈ ਸਰਬਜੀਤ ਸਿੰਘ ਦਿਓਲ (ਮੀਤ ਪ੍ਰਧਾਨ), ਭਾਈ ਲਖਬੀਰ ਸਿੰਘ ਰਾਏ (ਜਨਰਲ ਸਕੱਤਰ), ਭਾਈ ਲਖਬੀਰ ਸਿੰਘ ਰੰਧਾਵਾ (ਮੀਤ ਸਕੱਤਰ), ਭਾਈ ਗੁਰਮੇਲ ਸਿੰਘ (ਸਟੇਜ ਸਕੱਤਰ), ਭਾਈ ਅਮਰੀਕ ਸਿੰਘ (ਖਜਾਨਚੀ), ਬੀਬੀ ਬਲਵਿੰਦਰ ਕੌਰ ਸੰਧਰ (ਜਥੇਦਾਰਨੀ), ਭਾਈ ਬਲਦੇਵ ਸਿੰਘ (ਹੈਲਥ ਮਨਿਸਟਰ), ਭਾਈ ਜਸਵੀਰ ਸਿੰਘ (ਮੀਤ ਖਜਾਨਚੀ), ਭਾਈ ਅਵਤਾਰ ਸਿੰਘ ਮੱਲ੍ਹੀ (ਬਿਲਡਿੰਗ ਮੈਨਟੀਨੈਂਸ), ਸਰਦਾਰ ਮਹਿੰਦਰ ਸਿੰਘ ਉੱਪਲ।

**ਬੇਨਤੀ ਕਰਤਾ : ਪ੍ਰਬੰਧਕ ਕਮੇਟੀ ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ ਅਤੇ ਸਮੂਹ ਸਾਧ ਸੰਗਤ**

**2-20 Tunbridge Street, Preston, Lancashire PR1 5YP**
**Contact : 01772-798 395/07958 683 500**

ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥

ਵਿਸਾਖੀ 1978 ਅਤੇ ਜੂਨ 1984 ਦੇ ਸ਼ਹੀਦਾਂ ਦੀ 40 ਸਾਲਾ ਯਾਦ ਵਿੱਚ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ

## ਸਲਾਨਾ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ 25 ਮਾਰਚ ਤੋਂ 1 ਅਪ੍ਰੈਲ ਤੱਕ

# ਇੰਟਰਨੈਸ਼ਨਲ ਰੈਣ ਸਬਾਈ ਕੀਰਤਨ

## 30 ਮਾਰਚ ਐਤਵਾਰ ਸ਼ਾਮ 6:00 ਤੋਂ 1 ਅਪ੍ਰੈਲ 5:00 ਵਜੇ ਸਵੇਰ ਤੱਕ

VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਖਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ਅਤੇ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਕੀਤੇ ਜਾ ਰਹੇ ਸਾਲਾਨਾ ਇੰਟਰਨੈਸ਼ਨਲ ਕੀਰਤਨ ਸਮਾਗਮਾਂ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰਨ ਲਈ ਦੇਸ ਵਿਦੇਸ਼ ਤੋਂ ਬਹੁਤ ਸਾਰੇ ਉੱਘੇ ਕੀਰਤਨੀਏ ਪਹੁੰਚ ਰਹੇ ਹਨ। ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਅਤੇ ਸਮੂਹ ਸਿੱਖ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਸਮਾਗਮਾਂ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਿੰਘ ਸਭਾ ਡਰਬੀ ਵਿਖੇ ਪਹੁੰਚ ਕੇ ਹਾਜ਼ਰੀਆਂ ਭਰੋ ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ : ਸ੍ਰੀ ਅਖੰਡ ਪਾਠ ਸਾਹਿਬ

ਆਰੰਭ ਸੋਮਵਾਰ 25 ਮਾਰਚ ਸਵੇਰੇ 6:00 ਵਜੇ - ਭੋਗ ਬੁੱਧਵਾਰ 27 ਮਾਰਚ ਸ਼ਾਮ 6:00 ਵਜੇ ਉਪ੍ਰੰਤ ਦੀਵਾਨ ਸਜੇਗਾ ਅਤੇ ਸ਼ਾਮ 6:00 ਤੋਂ 9:00 ਵਜੇ ਤੱਕ ਅਖੰਡ ਕੀਰਤਨ ਹੋਵੇਗਾ

### ਆਸਾ ਦੀ ਵਾਰ ਕੀਰਤਨ

ਵੀਰਵਾਰ 28 ਮਾਰਚ ਸਵੇਰੇ 6 ਵਜੇ ਆਰੰਭ
ਸ਼ੁੱਕਰਵਾਰ 29 ਮਾਰਚ ਸਵੇਰੇ 6 ਵਜੇ ਆਰੰਭ
ਸ਼ਨੀਵਾਰ 30 ਮਾਰਚ ਸਵੇਰੇ 6 ਵਜੇ ਆਰੰਭ

### ਸ਼ਾਮ ਨੂੰ ਪਾਠ ਰਹਿਰਾਸ ਤੇ ਕੀਰਤਨ

ਵੀਰਵਾਰ 28 ਮਾਰਚ ਸ਼ਾਮ 6:00 ਤੋਂ 9:00
ਸ਼ੁੱਕਰਵਾਰ 29 ਮਾਰਚ ਸ਼ਾਮ 6:00 ਤੋਂ 10:00
ਸ਼ਨੀਵਾਰ 30 ਮਾਰਚ ਸ਼ਾਮ 6:00 ਤੋਂ 12:00

# ਵਿਸ਼ੇਸ਼ ਪੰਥਕ ਗੋਸ਼ਟੀ

## 31 ਮਾਰਚ ਐਤਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ

ਹੇਠਾਂ ਲਿਖੇ ਬੁਲਾਰੇ ਵੱਖ ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕਰਨਗੇ

* ਪ੍ਰੋ: ਦਲਜੀਤ ਸਿੰਘ ਵਿਰਕ - ਅਖੰਡ ਕੀਰਤਨੀ ਜਥੇ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਯੋਗਦਾਨ
* ਪ੍ਰਿੰਸੀਪਲ ਸੁਜਿੰਦਰ ਸਿੰਘ ਸੰਘਾ - ਸਿੱਖ ਪੰਥ ਦੀ ਮੌਜੂਦਾ ਸਿਆਸੀ ਸਥਿਤੀ ਅਤੇ ਸਿੱਖਾਂ ਦਾ ਪੰਜਾਬ ਵਿੱਚ ਬੋਲਬਾਲਾ ਕਿਵੇਂ ਹੋਵੇ
* ਭਾਈ ਜੋਗਿੰਦਰ ਸਿੰਘ - ਗੁਰੂ ਡੰਮ੍ਹ, ਡੇਰਾਵਾਦ ਅਤੇ ਦੂਜੇ ਧਰਮਾਂ ਦਾ ਵੱਧ ਰਿਹਾ ਪ੍ਰਭਾਵ
* ਭਾਈ ਜੇਗਾ ਸਿੰਘ - 1978 ਅਤੇ ਜੂਨ 1984 ਦੇ ਸਾਕੇ ਅਤੇ ਪਾਕਿਸਤਾਨ ਵਿੱਚ ਗੁਰ ਅਸਥਾਨਾਂ ਦੀ ਹੋ ਰਹੀ ਕਾਰ ਸੇਵਾ ਬਾਰੇ ਚਾਨਣਾ ਪਾਉਣਗੇ
* ਭਾਈ ਬਲਬੀਰ ਸਿੰਘ ਬੈਂਸ - ਬੰਦੀ ਸਿੰਘਾਂ ਤੇ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੀ ਰਿਹਾਈ
* ਮਨਪ੍ਰੀਤ ਸਿੰਘ (wsp)- ਖਾਲਸਾ ਹਲੇਮੀ ਰਾਜ ਦੀ ਜ਼ਰੂਰਤ ਤੇ ਸਰੋਕਾਰ (ਕਿਹੋ ਜਿਹਾ ਹੋਵੇਗਾ)
* ਤੇਜਾ ਸਿੰਘ - ਯੂ ਕੇ 'ਚ ਸਿੱਖ ਸਕੂਲਾਂ ਦਾ ਐਜੂਕੇਸ਼ਨ ਵਿੱਚ ਸਥਾਨ ਤੇ ਪ੍ਰਾਪਤੀਆਂ
* ਗੁਰਮੇਲ ਸਿੰਘ ਕੰਦੋਲਾ (ਸੁਪਰੀਮ ਸਿੱਖ ਕੌਂਸਲ) - ਬਰਤਾਨਵੀ ਸਰਕਾਰ ਵੱਲੋਂ ਅੱਤਵਾਦ ਸਬੰਧੀ ਬਣਾਏ ਗਏ ਨਵੇਂ ਕਾਨੂੰਨਾਂ ਦਾ ਸਿੱਖਾਂ ਉੱਤੇ ਅਸਰ ਹੋ ਸਕਦਾ ਹੈ
* ਰਣਜੀਤ ਸਿੰਘ ਰਾਣਾ - ਖਾਲਸਾ ਸਿਰਜਨਾ ਦੇ ਸੰਦਰਭ ਵਿੱਚ ਮੌਜੂਦਾ ਖਾਲਸਾ ਪੰਥ ਦੀ ਸਥਿਤੀ
* ਦੁਪਿੰਦਰਜੀਤ ਸਿੰਘ - ਖਾਲਸਾ ਹਲੇਮੀ ਰਾਜ ਦੀ ਸਥਾਪਤੀ ਲਈ ਰਣਨੀਤੀ ਕੀ ਹੋਵੇ
* ਡਾ: ਗੁਰਨਾਮ ਸਿੰਘ - ਸਿੱਖ ਮੀਡੀਆ ਦੀਆਂ ਜ਼ਿੰਮੇਵਾਰੀਆਂ ਅਤੇ ਚੁਣੌਤੀਆਂ




### ਅੰਮ੍ਰਿਤ ਸੰਚਾਰ 30 ਮਾਰਚ ਸ਼ਨਿਚਰਵਾਰ ਨੂੰ

30 ਮਾਰਚ 2024 ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 2:00 ਵਜੇ ਅੰਮ੍ਰਿਤ ਸੰਚਾਰ ਹੋ ਰਹੇ ਹਨ, ਅਭਿਲਾਖੀ ਸੱਜਣ ਤਿਆਰ ਬਰ ਤਿਆਰ ਹੋ, ਕੇਸ ਇਸ਼ਨਾਨ ਕਰ ਸਮੇਂ ਸਿਰ ਪਹੁੰਚਣ ਦੀ ਮਿਹਰਬਾਨੀ ਕਰਨ ਅਤੇ ਪ੍ਰਬੰਧਕਾਂ ਕੋਲ ਆਪਣੇ ਨਾਂ ਲਿਖਵਾ ਦੇਣ।



### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਹਵਾਈ ਅੱਡੇ / ਟਰੇਨ ਸਟੇਸ਼ਨ ਤੋਂ ਲਿਆਉਣ ਲਈ
ਭਾਈ ਬਗੀਚਾ ਸਿੰਘ - 07908 266984
ਰਿਹਾਇਸ਼ ਦਾ ਪ੍ਰਬੰਧ - 07770 909680 / 07514 505239
ਨੋਟ:- ਆਪਣੇ ਸ਼ਹਿਰਾਂ ਵਿੱਚ ਟਰਾਂਸਪੋਰਟ ਬਾਰੇ ਜਾਣਕਾਰੀ ਲਈ ਅਖੰਡ ਕੀਰਤਨੀ ਜਥੇ ਦੇ ਸਥਾਨਕ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ

ਵੱਖ ਵੱਖ ਟੀ ਵੀ ਚੈਨਲਾਂ, ਸਿੰਘ ਸਭਾ ਯੂ ਟਿਊਬ ਅਤੇ ਅਖੰਡ ਕੀਰਤਨੀ ਜਥੇ ਦੇ ਇੰਟਰਨੈਟ ਰੇਡੀਓ ਵੱਲੋਂ ਸਮਾਗਮਾਂ ਦੀ ਕਵਰੇਜ ਦਿੱਤੀ ਜਾਵੇਗੀ

ਬੇਨਤੀ ਕਰਤਾ:

**ਅਖੰਡ ਕੀਰਤਨੀ ਜਥਾ ਯੂ ਕੇ**
ਜਨਰਲ ਸੈਕਟਰੀ - ਭਾਈ ਦਲਜੀਤ ਸਿੰਘ ਵਿਰਕ

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ**
ਪ੍ਰਧਾਨ: ਭਾਈ ਰਘਬੀਰ ਸਿੰਘ, ਜ: ਸੈਕਟਰੀ: ਭਾਈ ਰਜਿੰਦਰ ਸਿੰਘ, ਖਜ਼ਾਨਚੀ: ਅਜੀਤ ਸਿੰਘ - 07533 362911

VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਹੋਲੇ ਮਹੱਲੇ ਨੂੰ ਸਮਰਪਿਤ 30 ਅਤੇ 31 ਮਾਰਚ ਨੂੰ

# ਮਹਾਨ ਗੁਰਮਤਿ ਸਮਾਗਮ

ਹੋਲੇ ਮਹੱਲੇ ਅਤੇ ਸ਼ਹੀਦੀ ਦਿਵਸ ਭਾਈ ਸੁਬੇਗ ਸਿੰਘ, ਭਾਈ ਸ਼ਹਬਾਜ਼ ਸਿੰਘ ਸਾਹਿਬ ਜੀ, ਜੋਤੀ ਜੋਤ ਬਾਬਾ ਗੁਰਦਿੱਤਾ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

☛ ਸ਼ਨੀਵਾਰ 30 ਮਾਰਚ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ।
☛ ਐਤਵਾਰ 31 ਮਾਰਚ ਨੂੰ 6:30 ਸਵੇਰੇ ਚਓਪੈਹਿਰੇ ਦੇ ਪਾਠਾਂ ਦੀ ਅਰੰਭਤਾ ਹੋਵੇਗੀ 9:30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਸੁਰੀਲੀਆਂ ਆਵਾਜ਼ਾਂ ਵਿਚ ਢਾਡੀ ਜਥਾ ਭਾਈ ਦਲਵਿੰਦਰ ਸਿੰਘ (ਅਠੋਲਾ) ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।



ਢਾਡੀ ਜਥਾ
contecat italy +39 388 491 3144

ਕਥਾ ਵਾਚਕ ਬਾਬਾ ਹਰਜਿੰਦਰ ਸਿੰਘ ਦਮਦਮੀ ਟਕਸਾਲ ਵਾਲੇ ਅਤੇ ਕੀਰਤਨੀ ਜਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢ ਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ਕੇਂਦਰ ਸਰਕਾਰ ਅਤੇ ਵਿਦੇਸ਼ੀ ਕੰਪਨੀਆਂ ਦੇ ਸਹਿਯੋਗ ਨਾਲ ਅੰਮ੍ਰਿਤਸਰ ਵਿੱਚ ਚੰਗੀ ਕਿੱਤਾਮੁਖੀ ਸਿੱਖਿਆ ਪ੍ਰਦਾਨ ਕਰਾਂਗੇ: ਤਰਨਜੀਤ ਸਿੰਘ ਸੰਧੂ

# ਬੱਚਿਆਂ ਨੂੰ ਪੇਸ਼ੇਵਰ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ



**ਅੰਮ੍ਰਿਤਸਰ, 28 ਮਾਰਚ (ਆਵਾਜ਼ਿ ਕੌਮ ਬਿਊਰੋ)-** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਨਵੀਂ ਪੀੜੀ ਦੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਸਿੱਖਿਆ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਲਿਆਉਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਬਦਲ ਗਿਆ ਹੈ, ਸਿਰਫ਼ ਡਿੱਗਰੀ ਹਾਸਲ ਕਰਨ ਨਾਲ ਨੌਕਰੀ ਅਤੇ ਰੁਜ਼ਗਾਰ ਸੰਭਵ ਨਹੀਂ ਹੈ। ਸਮੇਂ ਦੇ ਨਾਲ ਤਾਲਮੇਲ ਰੱਖਣ ਲਈ ਹੁਨਰ ਅਤੇ ਕਿੱਤਾਮੁਖੀ ਸਿੱਖਿਆ 'ਤੇ ਵਧੇਰੇ ਧਿਆਨ ਦਿੱਤਾ ਜਾਵੇਗਾ। ਬੱਚਿਆਂ ਨੂੰ ਪੇਸ਼ੇਵਰ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।

☛ ਨਿਸ਼ਕਾਮ ਸੇਵਾ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ ਅਤੇ ਉਨ੍ਹਾਂ ਨੂੰ ਰਚਨਾਤਮਿਕ ਸੋਚ ਲਈ ਪ੍ਰੇਰਿਤ ਕੀਤਾ ਗਿਆ। ☛ ਨਵੀਂ ਪੀੜ੍ਹੀ ਦੇ ਚੰਗੇਰੇ ਭਵਿੱਖ ਲਈ ਸਿੱਖਿਆ ਨੂੰ ਸਮੇਂ ਦੀ ਮੰਗ ਅਨੁਸਾਰ ਬਣਾਉਣਾ ਪਵੇਗਾ : ਤਰਨਜੀਤ ਸਿੰਘ ਸੰਧੂ

ਸਰਦਾਰ ਤਰਨਜੀਤ ਸਿੰਘ ਸੰਧੂ ਨਿਸ਼ਕਾਮ ਸੇਵਾ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਦੇ ਇਨਾਮ ਵੰਡ ਸਮਾਰੋਹ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਅਤੇ ਵਿਦਿਆਰਥੀਆਂ ਨਾਲ ਕੁਝ ਸਮਾਂ ਬਿਤਾਇਆ। ਉਨ੍ਹਾਂ ਜੀਵਨ ਵਿੱਚ ਸਾਰਥਕ ਕਰਨ ਲਈ ਬਚਿਆਂ ਨੂੰ ਪ੍ਰੇਰਿਤ ਕੀਤਾ। ਸਰਦਾਰ ਸੰਧੂ ਨੇ ਸਰਦਾਰਾ ਸਿੰਘ ਦੀ ਸਰਕਾਰੀ ਨੌਕਰੀ ਛੱਡ ਕੇ ਗ.ਰੀਬ ਪਰਿਵਾਰਾਂ ਦੇ ਬੱਚਿਆਂ ਦਾ ਭਵਿੱਖ ਬਣਾਉਣ ਲਈ ਕੰਮ ਕਰਨ ਲਈ ਸ਼ਲਾਘਾ ਕੀਤੀ। ਜੋ ਕਿ ਪਿਛਲੇ 20 ਸਾਲਾਂ ਤੋਂ ਕਿਤਾਬਾਂ, ਵਰਦੀਆਂ ਅਤੇ ਮੁਫ਼ਤ ਸਿੱਖਿਆ ਦੇ ਕੇ ਨਿਰਸਵਾਰਥ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਾਡਾ ਫ਼ਰਜ਼ ਬਣਦਾ ਹੈ ਕਿ ਗ.ਰੀਬ ਬੱਚਿਆਂ ਨੂੰ ਵੀ ਵਧੀਆ ਸਿੱਖਿਆ ਦਾ ਅਧਿਕਾਰ ਮਿਲੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਤੋਂ ਇਲਾਵਾ ਉਹ ਵਿਦੇਸ਼ੀ ਸੰਸਥਾਵਾਂ ਅਤੇ ਅਮਰੀਕਾ ਵਿੱਚ ਵਸੇ ਭਾਰਤੀ ਪ੍ਰਵਾਸੀਆਂ ਤੋਂ ਅਜਿਹੇ ਸਕੂਲਾਂ ਲਈ ਹਰ ਸੰਭਵ ਵਿੱਤੀ ਮਦਦ ਲੈ ਕੇ ਆਉਣਗੇ।

ਤਰਨਜੀਤ ਸਿੰਘ ਸੰਧੂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ਭਾਰਤ-ਅਮਰੀਕਾ ਸਬੰਧਾਂ ਨੇ ਮਜ਼ਬੂਤ ਭਾਈਵਾਲੀ ਦਾ ਰੂਪ ਧਾਰ ਲਿਆ ਹੈ। ਭਾਰਤ ਨੇ ਆਪਣੇ ਆਪ ਨੂੰ ਵਿਸ਼ਵ ਸ਼ਕਤੀ ਵਜੋਂ ਸਥਾਪਿਤ ਕੀਤਾ ਹੈ। ਅਤੇ ਕੁਝ ਸਾਲਾਂ ਵਿੱਚ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ।

ਉਨ੍ਹਾਂ ਕਿਹਾ ਕਿ ਅਸੀਂ ਆਪਣੇ ਅੰਮ੍ਰਿਤਸਰ ਅਤੇ ਪੰਜਾਬ ਨੂੰ ਤਰੱਕੀ ਅਤੇ ਖ਼ੁਸ਼ਹਾਲੀ ਵੱਲ ਲੈ ਕੇ ਜਾਵਾਂਗੇ। ਪੰਜਾਬੀ ਨੌਜਵਾਨਾਂ ਵਿੱਚ ਸਮਰੱਥਾ ਹੈ, ਉਨ੍ਹਾਂ ਨੂੰ ਆਪਣੀ ਸੋਚ ਬਦਲਣ ਅਤੇ ਉਨ੍ਹਾਂ ਨੂੰ ਸੇਧ ਦੇਣ ਦੀ ਲੋੜ ਹੈ। ਸਾਨੂੰ ਆਪਣੀ ਸਿੱਖਿਆ ਵਿੱਚ ਹੁਨਰ ਨੂੰ ਪਹਿਲ ਦੇਣੀ ਹੋਵੇਗੀ। ਨੌਜਵਾਨਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ ਕਿ ਵਿਦੇਸ਼ ਜਾਣ ਦੀ ਕਾਹਲੀ ਜਲਦੀ ਖ਼ਤਮ ਹੋਣ ਵਾਲੀ ਹੈ। ਕਿਉਂਕਿ ਭਾਰਤੀ ਅਰਥਵਿਵਸਥਾ ਇੱਕ ਬੇਮਿਸਾਲ ਅਤੇ ਕ੍ਰਾਂਤੀਕਾਰੀ ਦੌਰ ਵਿੱਚ ਹੈ। ਸਿਰਫ਼ ਦ੍ਰਿੜ੍ਹ ਇਰਾਦੇ, ਜਾਗਰੂਕਤਾ ਅਤੇ ਸਿੱਖਿਆ ਵਿੱਚ ਤਬਦੀਲੀ ਦੀ ਲੋੜ ਹੈ। ਹੁਣ ਸਮਾਂ ਪੱਛਮ ਤੋਂ ਪੂਰਬ ਵੱਲ ਵਧ ਰਿਹਾ ਹੈ। ਹੁਣ ਭਾਰਤ ਵਿੱਚ ਨਿਵੇਸ਼ ਆ ਰਿਹਾ ਹੈ ਅਤੇ ਇੱਥੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋ ਰਹੇ ਹਨ। ਇਸ ਵਿੱਚ ਬਹੁਤ ਸੰਭਾਵਨਾਵਾਂ ਹਨ, ਅਸੀਂ ਕੇਂਦਰ ਸਰਕਾਰ ਅਤੇ ਵਿਦੇਸ਼ੀ ਕੰਪਨੀਆਂ ਦੀ ਮਦਦ ਨਾਲ ਭਾਰਤ ਦੇ ਬਾਕੀ ਹਿੱਸਿਆਂ ਵਾਂਗ ਅੰਮ੍ਰਿਤਸਰ, ਪੰਜਾਬ ਵਿੱਚ ਸੱਚਮੁੱਚ ਬਹੁਤ ਵਧੀਆ ਕਿੱਤਾਮੁਖੀ ਸਿੱਖਿਆ ਪ੍ਰਦਾਨ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਮੇਰਾ ਫੋਕਸ ਬਹੁਤ ਵਿਆਪਕ ਹੈ, ਸ਼ਹਿਰ ਦੇ ਵਿਕਾਸ ਲਈ ਲੋਕਾਂ ਨੂੰ ਨਾਲ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਅਮਰੀਕਾ ਨਾਲ ਭਾਰਤ ਦੇ ਸਬੰਧ ਸੈਮੀਕੰਡਕਟਰਾਂ ਵਰਗੇ ਕਈ ਖੇਤਰਾਂ ਵਿੱਚ ਸਾਂਝੇਦਾਰੀ ਵਿੱਚ ਬਦਲ ਗਏ ਹਨ। ਸਿੱਖਿਆ ਅਤੇ ਗਿਆਨ ਦੇ ਖੇਤਰ ਵਿੱਚ ਵੀ ਭਾਈਵਾਲੀ ਹੈ, ਭਾਰਤ ਵਿੱਚ ਆਈਆਈਟੀ ਵਿੱਚ ਤਿੰਨ ਸਾਲ ਅਤੇ ਅਮਰੀਕਾ ਵਿੱਚ ਇੱਕ ਸਾਲ ਦਾ ਫ਼ਾਰਮੂਲਾ ਪਹਿਲ ਦੇ ਆਧਾਰ 'ਤੇ ਸ਼ੁਰੂ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ, ਰੱਖਿਆ ਖੇਤਰ ਵਿੱਚ, ਸਾਡੇ ਕੋਲ ਛਜੀਈ ਇੰਜਣਾਂ ਦਾ ਸੰਯੁਕਤ ਉਤਪਾਦਨ ਹੈ। ਉਸ ਨੇ ਕਿਹਾ "ਮੈਂ ਮਹਿਸੂਸ ਕਰਦਾ ਹਾਂ ਕਿ ਅੰਮ੍ਰਿਤਸਰ, ਜੋ ਮੇਰਾ ਘਰ ਹੈ, ਨੂੰ ਇਸ ਬਿਰਤਾਂਤ ਦਾ ਹਿੱਸਾ ਹੋਣਾ ਚਾਹੀਦਾ ਹੈ।"

'ਗੋਪੀ ਕ੍ਰਿਸ਼ਨ ਇੰਡਸਟਰੀਅਲ ਐਸੋਸੀਏਸ਼ਨ' ਦੇ ਸਨਅਤਕਾਰਾਂ ਨਾਲ ਸਰਦਾਰ ਸੰਧੂ ਨੇ ਭਵਿਖ ਦੀ ਰਣਨੀਤੀ 'ਤੇ ਕੀਤੀ ਚਰਚਾ

# ਵਾਅਦੇ ਨਹੀਂ ਨਤੀਜੇ ਦਿਆਂਗਾ : ਤਰਨਜੀਤ ਸਿੰਘ ਸੰਧੂ



**ਅੰਮ੍ਰਿਤਸਰ, 27 ਮਾਰਚ (ਆਵਾਜ਼ਿ ਕੌਮ ਬਿਊਰੋ)-** ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਵੱਲੋਂ ਦ੍ਰਿੜ੍ਹਤਾ ਨਾਲ ਕਿ 'ਮੈਂ ਵਾਅਦਿਆਂ 'ਚ ਵਿਸ਼ਵਾਸ ਨਹੀਂ ਰੱਖਦਾ ਮੇਰੇ ਤੋਂ ਤੁਸੀਂ ਨਤੀਜੇ ਲਓ, ਤਾਂ ਇਹ ਸੁਣਦਿਆਂ ਹੀ ਅੰਮ੍ਰਿਤਸਰ ਦੇ ਕਾਰੋਬਾਰੀਆਂ ਨੇ ਵੀ ਆਪਣੇ ਪਨ ਦਾ ਇਜ਼ਹਾਰ ਕੀਤਾ ਅਤੇ ਐਲਾਨ ਕੀਤਾ ਕਿ ਜੇ ਇਹ ਗਲ ਹੈ ਤਾਂ ਵਪਾਰੀ ਤੁਹਾਡੇ ਹੋਏ। ਸਰਦਾਰ ਸੰਧੂ ਪੰਡੋਰੀ ਵੜੈਚ ਵਿਖੇ 'ਗੋਪੀ ਕ੍ਰਿਸ਼ਨ ਇੰਡਸਟਰੀਅਲ ਐਸੋਸੀਏਸ਼ਨ' ਦੇ ਟੈਕਸਟਾਈਲ ਉਦਯੋਗ ਦੇ ਉੱਘੇ ਨੁਮਾਇੰਦਿਆਂ ਨਾਲ ਮਾਈਕਰੋ, ਸ਼ਮਾਲ ਐਂਡ ਮੀਡੀਅਮ ਸਨਅਤਾਂ ਬਾਰੇ ਗੱਲਬਾਤ ਕਰ ਰਹੇ ਸਨ। ਜਿਨ੍ਹਾਂ 'ਚ ਅੰਮ੍ਰਿਤ ਮਹਾਜਨ ਪ੍ਰਧਾਨ ਲਮਸਡਨ ਕਲੱਬ, ਅੰਬਰੀਸ਼ ਮਹਾਜਨ ਮੀਤ ਪ੍ਰਧਾਨ ਅੰਮ੍ਰਿਤਸਰ ਟੈਕਸਟਾਈਲ ਪ੍ਰੋਸੈਸਰਜ਼ ਐਸੋਸੀਏਸ਼ਨ, ਅਜੈ ਮਹਿਰਾ ਪ੍ਰਧਾਨ ਵਾਰਪ ਨਿਟਰਜ਼ ਐਸੋਸੀਏਸ਼ਨ, ਨਰੇਸ਼ ਅਗਰਵਾਲ, ਨਿਰਮਲ ਸੁਰੇਕਾ, ਵਿਕਰਮ ਸਹਿਗਲ, ਕੰਵਰਜੀਤ ਸਿੰਘ ਅਰੋੜਾ, ਰਾਜੀਵ ਅਗਰਵਾਲ ਅਤੇ ਧੀਰਜ ਵਿੱਜ ਸਮੇਤ ਭਾਰੀ ਗਿਣਤੀ 'ਚ ਸਨਅਤਕਾਰ ਮੌਜੂਦ ਸਨ। ਸਰਦਾਰ ਸੰਧੂ ਨੇ ਸਨਅਤਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਦੇ ਭਵਿਖ ਅਤੇ ਕਾਰੋਬਾਰ ਦੇ ਵਾਧੇ ਦੀਆਂ ਅਸੀਮ ਸੰਭਾਵਨਾਵਾਂ 'ਤੇ ਚਰਚਾ ਕੀਤੀ। ਮੇਜ਼ਬਾਨੀ ਲਈ ਅੰਬਰੀਸ਼ ਮਹਾਜਨ ਅਤੇ ਅੰਬਾ ਮਹਾਜਨ ਦਾ ਧੰਨਵਾਦ। ਸਰਦਾਰ ਸੰਧੂ ਨੇ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਨਾਲ ਮੇਰੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇੱਥੋਂ ਦੀ ਸਨਅਤ ਕਿਸੇ ਸਮੇਂ ਦੇਸ਼ ਦੀਆਂ ਪਹਿਲੇ ਦਰਜੇ ਦੀਆਂ ਸਨਅਤਾਂ 'ਚ ਸ਼ੁਮਾਰ ਸੀ, ਪਰ ਮੈਂ ਪਿੱਛੇ ਦੀ ਨਹੀਂ ਅੱਗੇ ਭਵਿਖ ਦੀ ਗਲ ਕਰਾਂਗਾ, ਉਨ੍ਹਾਂ ਕਿਹਾ ਕਿ ਸਨਅਤਕਾਰਾਂ ਦੀਆਂ ਸਮੱਸਿਆਵਾਂ ਨੂੰ ਜ਼ਰੂਰ ਹਲ ਕਰਾਇਆ ਜਾਵੇਗਾ, ਉੱਥੇ ਹੀ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਮੌਕੇ ਵੀ ਦਿਵਾਏ ਜਾਣਗੇ। ਉਨ੍ਹਾਂ ਕਿਹਾ ਕਿ ਤਿਆਰ ਵਸਤਾਂ ਨੂੰ ਅੰਮ੍ਰਿਤਸਰ ਤੋਂ ਏਅਰ ਕਾਰਗੋ ਰਾਹੀਂ ਖਾੜੀ, ਯੂਰਪ ਅਤੇ ਅਮਰੀਕਾ ਭੇਜੀਆਂ ਜਾ ਸਕਦੀਆਂ। ਅੰਤਰਰਾਸ਼ਟਰੀ ਅਟਾਰੀ ਬਾਡਰ ਖੁਲ੍ਹਵਾਉਣ ਦਾ ਏਜੰਡਾ ਵੀ ਰੱਖਦਾ ਹਾਂ ਉੱਥੇ ਹੀ ਪੱਟੀ ਤੋਂ ਗੁਜਰਾਤ ਰਾਹੀ ਖਾੜੀ ਅਤੇ ਪੱਛਮ ਨਾਲ ਜੋੜਿਆ ਜਾਵੇਗਾ। ਇਹ ਸਭ ਬਹੁਤ ਜਲਦ ਹੋਵੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਦੀ ਵਿਦੇਸ਼ਾਂ ਨਾਲ ਏਅਰ ਕੁਨੈਕਟੀਵਿਟੀ ਹਰ ਹਾਲ ਵਿਚ ਵਧਾਈ ਜਾਵੇਗੀ। ਇਨ੍ਹਾਂ ਹੀ ਨਹੀਂ ਏਅਰ ਟਰੈਫ਼ਿਕ ਨੂੰ ਦਿਲੀ ਤੋਂ ਅੰਮ੍ਰਿਤਸਰ ਬਦਲਿਆ ਜਾਵੇਗਾ। ਅੰਮ੍ਰਿਤਸਰ ਨੂੰ ਸਨਅਤੀ ਤੇ ਆਈ ਟੀ ਹੱਬ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਧਾਰਮਿਕ ਟੂਰਿਸਟ ਨੂੰ ਟੂਰਿਜ਼ਮ ਸਨਅਤ 'ਚ ਬਦਲਣ, ਬੁਨਿਆਦੀ ਸਹੂਲਤਾਂ ਅਤੇ ਸ਼ਹਿਰ ਨੂੰ ਇੰਦੌਰ ਦੀ ਤਰਾਂ ਸਾਫ਼ ਅਤੇ ਸੁੰਦਰ ਬਣਾਉਣ ਲਈ ਕੇਂਦਰ ਤੋਂ ਵਿਸ਼ੇਸ਼ ਪੈਕੇਜ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਭ ਸੰਭਵ ਹਨ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੰਮ੍ਰਿਤਸਰ ਨੂੰ ਵਿਕਾਸ ਪੱਖੋਂ ਆਪਣੀ ਪਛਾਣ ਫਿਰ ਤੋਂ ਦਿਵਾਉਣਾ ਚਾਹੁੰਦੇ ਹਨ। ਇਸ ਮੌਕੇ ਸਨਅਤਕਾਰਾਂ ਵੱਲੋਂ ਸਰਦਾਰ ਸੰਧੂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।

# ਵਾਤਾਵਰਨ ਪ੍ਰਤੀ ਜਾਗਰੂਕ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਨੂੰ ਰਾਸ਼ਟਰੀ ਪ੍ਰੋਜੈਕਟ ਮਿਲਿਆ

## ਡਾ. ਕੁਲਬੀਰ ਸਿੰਘ ਬਾਠ 01 ਅਪ੍ਰੈਲ ਨੂੰ ਕਰਨਗੇ ਉਦਘਾਟਨ

ਤਲਵੰਡੀ ਸਾਬੋ, 28 ਮਾਰਚ (ਗੁਰਜੰਟ ਸਿੰਘ ਨਥੇਹਾ)- ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ 'ਮਿਸ਼ਨ ਲਾਈਫ' ਦੇ ਤਹਿਤ ਵਾਤਾਵਰਨ ਸਿੱਖਿਆ ਪ੍ਰੋਗਰਾਮ ਅਧੀਨ ਰਾਜ ਦੀ ਨੋਡਲ ਏਜੈਂਸੀ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ ਰਾਹੀਂ ਵਾਤਾਵਰਨ, ਜੰਗਲਾਤ ਅਤੇ ਮੌਸਮੀ ਬਦਲਾਅ ਦੇ ਮੰਤਰਾਲਾ ਵਲੋਂ ਗੁਰੂ ਕਾਸ਼ੀ ਯੂਨੀਵਰਸਿਟੀ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕਰਨ ਸਬੰਧੀ ਰਾਸ਼ਟਰੀ ਪ੍ਰੋਜੈਕਟ ਮਿਲਿਆ ਹੈ। ਇਸ ਦਾ ਰਸਮੀ ਉਦਘਾਟਨ ਪਹਿਲੀ ਅਪ੍ਰੈਲ ਸੋਮਵਾਰ ਨੂੰ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ ਦੇ ਸੰਯੁਕਤ ਨਿਰਦੇਸ਼ਕ ਡਾ. ਕੁਲਬੀਰ ਸਿੰਘ ਬਾਠ ਵਲੋਂ ਯੂਨੀਵਰਸਟੀ ਦੇ ਆਡੀਟੋਰੀਅਮ ਵਿੱਚ ਆਯੋਜਿਤ ਕੀਤੇ ਜਾ ਰਹੇ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਕੀਤਾ ਜਾਵੇਗਾ।

ਗੁਰੂ ਕਾਸ਼ੀ ਯੂਨੀਵਰਸਿਟੀ ਦੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਤੇ ਪ੍ਰਬੰਧਕੀ ਨਿਰਦੇਸ਼ਕ ਸ. ਸੁਖਰਾਜ ਸਿੰਘ ਸਿੱਧੂ ਵਲੋਂ ਇਸ ਪ੍ਰੋਜੈਕਟ ਦੇ ਮਿਲਣ 'ਤੇ ਇਸਦੀ ਮੁੱਖ ਆਯੋਜਿਕਾ ਡਾ. ਕੰਵਲਜੀਤ ਕੌਰ ਅਤੇ ਸਬੰਧਿਤ ਯੂਨੀਵਰਸਿਟੀ ਅਧਿਕਾਰੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਰਾਹੀਂ ਸਮਾਜ ਵਿਚ ਚੰਗੇਰਾ ਸੰਦੇਸ਼ ਜਾਏਗਾ। ਉਨ੍ਹਾਂ ਇਸ ਨੂੰ ਅਗਾਂਹਵੱਧੂ ਉੱਦਮ ਕਿਹਾ। ਯੂਨੀਵਰਸਿਟੀ ਦੀ ਉਪ ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਨੇ ਇਸ ਗਤੀਵਿਧੀ ਨੂੰ ਸਮੇਂ ਦੀ ਲੋੜ ਦੱਸਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਲੋਕਾਂ ਵਿੱਚ ਵਾਤਾਵਰਨ ਸੰਭਾਲ ਅਤੇ ਸਿਰਜਨਾਤਮਕ ਸੋਚ ਪ੍ਰਤੀ ਜਾਗਰੂਕ ਹੋਣ ਦਾ ਵਧੀਆ ਸੰਦੇਸ਼ ਜਾਵੇਗਾ। ਪਰੋ-ਵਾਈਸ-ਚਾਂਸਲਰ ਡਾ. ਜਗਤਾਰ ਸਿੰਘ ਧੀਮਾਨ ਨੇ ਇਸ ਨੂੰ ਪ੍ਰੇਰਣਾਦਾਈ ਉਪਰਾਲਾ ਦੱਸਦਿਆਂ ਕਿਹਾ ਕਿ ਮਨੁੱਖ ਅਤੇ ਜੀਵ ਜੰਤੂਆਂ ਪੱਖੀ ਵਾਤਾਵਰਣ ਸਿਰਜਣ ਲਈ ਸਾਨੂੰ ਸਾਰਿਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣਾ ਪਵੇਗਾ। ਉਨ੍ਹਾਂ ਨੌਜਵਾਨ ਵਰਗ ਨੂੰ ਹਰਿਆ ਭਰਿਆ ਵਾਤਾਵਰਣ ਸਿਰਜਣ ਲਈ ਆਲੇ-ਦੁਆਲੇ ਦੀ ਸਾਂਭ ਸੰਭਾਲ ਅਤੇ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਪ੍ਰੇਰਣਾ ਦਿੱਤੀ। ਮੁੱਖ ਆਯੋਜਿਕਾ ਡਾ. ਕੰਵਲਜੀਤ ਕੌਰ ਨੇ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਦੇ ਤਹਿਤ ਕਲਾ ਅਤੇ ਸਿਰਜਨਾਤਮਕਤਾ ਸਬੰਧੀ ਅਨੇਕਾਂ ਗਤੀਵਿਧੀਆਂ ਕੀਤੀਆਂ ਜਾਣਗੀਆਂ ਜਿਨ੍ਹਾਂ ਵਿੱਚ ਲੈਂਡ ਫਿਲਿੰਗ ਪ੍ਰਬੰਧਨ, ਵਰਮੀ ਕੰਪੋਸਟਿੰਗ, ਰਹਿੰਦ-ਖੂੰਹਦ ਅਤੇ ਬਾਰਿਸ਼ ਦੇ ਪਾਣੀ ਦੀ ਸੁਯੋਗ ਵਰਤੋਂ, ਸਿੰਗਲ ਵਰਤੋਂ ਵਾਲੀ ਪਲਾਸਟਿਕ ਨੂੰ ਦੁਰਕਾਰਨਾਂ, ਕੁਦਰਤੀ ਅਤੇ ਜੰਗਲਾਤ ਹਾਲਤਾਂ ਬਾਰੇ ਫੋਟੋਗ੍ਰਾਫੀ ਮੁਕਾਬਲਿਆਂ ਤੋਂ ਇਲਾਵਾ ਸਕਿੱਟ ਅਤੇ ਨੁੱਕੜ ਨਾਟਕਾਂ ਰਾਹੀਂ ਵਾਤਾਵਰਨ ਸੰਭਾਲ ਦਾ ਸੰਦੇਸ਼ ਦੇਣਾ, ਪੰਛੀਆਂ ਲਈ ਵਾਤਾਵਰਨ ਹਿਤੈਸ਼ੀ ਆਰਾਮਦੇਹ ਆਵਾਸ ਪਿੰਜਰੇ ਆਦਿ ਪ੍ਰਮੁੱਖ ਹੋਣਗੇ।

# ਡਾ. ਬਾਲ ਕ੍ਰਿਸ਼ਨ ਦੇ ਅਚਾਨਕ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



ਤਲਵੰਡੀ ਸਾਬੋ, 28 ਮਾਰਚ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਕੈਂਪਸ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਸਮੂਹ ਫੈਕਲਟੀ ਅਤੇ ਸਟਾਫ਼ ਵੱਲੋਂ ਡਾ. ਬਾਲ ਕ੍ਰਿਸ਼ਨ (52) ਐਸੋਸੀਏਟ ਪ੍ਰੋਫੈਸਰ (ਫਿਜ਼ਿਕਸ) ਦੇ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਹੋਏ ਸਦੀਵੀ ਵਿਛੋੜੇ ਤੇ ਬੜੇ ਭਰੇ ਮਨ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਕੈਂਪਸ ਡਾਇਰੈਕਟਰ ਡਾ. ਕਮਲਜੀਤ ਸਿੰਘ ਨੇ ਵੱਲੋਂ ਬਾਅਦ ਦੁਪਹਿਰ ਬੁਲਾਈ ਗਈ ਸ਼ੋਕ ਸਭਾ ਵਿੱਚ ਸਾਰੇ ਵਿਭਾਗਾਂ ਦੇ ਮੁਖੀਆਂ ਸਮੇਤ ਫੈਕਲਟੀ ਅਤੇ ਸਟਾਫ ਨੇ ਮੋਨ ਰੱਖਕੇ ਆਪਣੇ ਵਿਛੜੇ ਸਾਥੀ ਦੀ ਆਤਮਾਂ ਦੀ ਸ਼ਾਂਤੀ ਲਈ ਮੋਨ ਰੱਖਿਆ ਅਤੇ ਉਹਨਾਂ ਪ੍ਰਤੀ ਆਪਣੀਆਂ ਸੰਵੇਦਨਾਵਾਂ ਵਿਅਕਤ ਕੀਤੀਆਂ। ਹੋਰਨਾਂ ਤੋਂ ਇਲਾਵਾ ਇਸ ਸ਼ੋਕ ਸਭਾ ਵਿੱਚ, ਡਾ. ਅੰਜੂ ਸੈਣੀ, ਡਾ. ਸਿੰਪਲ ਜਿੰਦਲ, ਡਾ. ਸੁਸ਼ੀਲ ਕੁਮਾਰ, ਡਾ. ਬਲਦੇਵ ਸਿੰਘ, ਡਾ. ਨਵਦੀਪ ਗੋਇਲ, ਡਾ. ਜਸਬੀਰ ਸਿੰਘ, ਡਾ. ਕੈਂਡੀ ਗੋਇਲ, ਡਾ. ਲਖਬੀਰ ਸਿੰਘ, ਡਾ. ਬਲਜਿੰਦਰ ਕੌਰ, ਡਾ. ਦਿਵਿਆ ਤਨੇਜਾ, ਡਾ. ਸੰਤੋਸ਼ ਸ਼ਰਮਾ, ਡਾ. ਮੀਨਾਕਸ਼ੀ ਸਿੰਗਲਾ, ਡਾ. ਗੁਰਪ੍ਰੀਤ ਭਾਰਤੀ, ਡਾ. ਗੁਰਵਿੰਦਰ ਕੌਰ, ਹਰਜਿੰਦਰ ਸਿੰਘ, ਗੁਰਮੀਤ ਸਿੰਘ, ਦਲਜੀਤ ਸਿੰਘ, ਦਿਲਬਾਗ ਸਿੰਘ, ਸੁਮਨ ਲਤਾ, ਗੁਰਕੀਰਤ ਸੇਖੋਂ, ਬਲਵਿੰਦਰ ਕੌਰ, ਰਾਜਵਿੰਦਰ ਕੌਰ, ਪੰਮੀ ਰਾਣੀ ਹੋਰੀਂ ਸ਼ਾਮਲ ਹੋਏ। ਡਾ. ਬਾਲ ਕ੍ਰਿਸ਼ਨ ਜੀ ਨੇ ਸਾਲ 2006 ਵਿੱਚ ਯਾਦਵਿੰਦਰਾ ਕਾਲਜ ਆਫ ਇੰਜਨੀਅਰਿੰਗ ਤਲਵੰਡੀ ਸਾਬੋ ਵਿਖੇ ਆਪਣਾ ਅਧਿਆਪਨ ਕਾਰਜ ਸ਼ੁਰੂ ਕੀਤਾ ਸੀ ਅਤੇ ਉਹ ਆਪਣੇ ਵਿਦਿਆਰਥੀਆਂ ਦੇ ਬੜੇ ਹਰਮਨ ਪਿਆਰੇ ਸਨ। ਹੁਣ ਆਖਰੀ ਸਮੇਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਫਿਜਿਕਸ ਵਿਭਾਗ ਦੇ ਫੈਕਲਟੀ ਮੈਂਬਰ ਵਜੋਂ ਸੇਵਾ ਨਿਭਾ ਰਹੇ ਸਨ। ਇਸ ਤੋਂ ਇਲਾਵਾ ਉਹਨਾ ਦੀ ਕਾਰਜ-ਕੁਸ਼ਲਤਾ ਨੂੰ ਮੁੱਖ ਰੱਖਦੇ ਹੋਏ ਯੂਨੀਵਰਸਿਟੀ ਨੇ ਉਹਨਾਂ ਨੂੰ ਯੂਨੀਵਰਸਿਟੀ ਮਾਡਲ ਸਕੂਲ ਦੇ ਪ੍ਰਿੰਸੀਪਲ ਦਾ ਅਤੇ ਡਿਪਟੀ ਕੰਟਰੋਲਰ (ਪ੍ਰੀਖਿਆਵਾਂ) ਦਾ ਵਾਧੂ ਚਾਰਜ ਵੀ ਦਿੱਤਾ ਹੋਇਆ ਸੀ ਅਤੇ ਪ੍ਰੀਖਿਆ ਸ਼ਾਖਾ ਵਿਖੇ ਹੀ ਡਿਊਟੀ ਨਿਭਾਉਂਦੇ ਹੋਏ ਉਹਨਾਂ ਨੇ ਆਪਣੇ ਦਫਤਰ ਵਿਖੇ ਹੀ ਆਖਰੀ ਸਵਾਸ ਲਏ। ਇੱਥੇ ਵਰਨਣਯੋਗ ਹੈ ਕਿ ਡਾ. ਬਾਲ ਕ੍ਰਿਸ਼ਨ ਜੱਦੀ ਤੌਰ 'ਤੇ ਲੌਂਗੋਵਾਲ ਤੋਂ ਸਨ ਅਤੇ ਹੁਣ ਪਟਿਆਲਾ ਵਿਖੇ ਆਪਣੀ ਪੱਕੀ ਰਿਹਾਇਸ਼ ਬਣਾ ਚੁੱਕੇ ਸਨ। ਇੱਕ ਬਹੁਤ ਹੀ ਗਤੀਸ਼ੀਲ ਅਤੇ ਮਿੱਠ-ਬੋਲੜੇ ਸੱਜਣ ਡਾ. ਬਾਲ ਕ੍ਰਿਸ਼ਨ ਆਪਣੇ ਪਿੱਛੇ ਬਜ਼ੁਰਗ ਮਾਤਾ ਜੀ ਤੋਂ ਇਲਾਵਾ ਆਪਣੀ ਪਤਨੀ, ਬੇਟੇ ਅਤੇ ਬੇਟੀ ਨੂੰ ਰੋਂਦਿਆਂ-ਵਿਲਕਦਿਆਂ ਛੱਡ ਗਏ।




ਸਮਾਜ ਸੇਵੀ ਸ, ਹਰਜਿੰਦਰ ਸਿੰਘ ਜਲਾਲ ਉਸਮਾ ਜਿਲਾ ਵਾਈਸ ਪ੍ਰਧਾਨ ਵਪਾਰ ਮੰਡਲ ਵਿੰਗ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨੇ ਆਪਣੇ ਵਿਆਹ 23ਵੀਂ ਵਰੇਗੰਢ ਮਨਾਈ। (ਫੋਟੋ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

### ਸੰਤਾ ਮਹਾਪੁਰਖਾਂ ਸੰਗਤਾਂ ਮਜੀਠੀਆ ਵੱਲੋਂ ਕਾਰ ਸੇਵਾ ਵਾਲੇ ਬਾਬਾ ਅਜੈਬ ਸਿੰਘ ਦੇ ਅਕਾਲ ਚਲਾਣੇ 'ਤੇ

# ਮੱਖਣਵਿੰਡੀ ਪੁੱਜਕੇ ਬਾਬਾ ਸਰਦਾਰਾਂ ਸਿੰਘ ਨਾਲ ਕੀਤਾ ਦੁੱਖ ਸਾਝਾ ਕੀਤਾ



**ਚੌਕ ਮਹਿਤਾ, 28 (ਬਾਬਾ ਸੁਖਵੰਤ ਸਿੰਘ ਚੰਨਣਕੇ)**- ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸਾਬਕਾ ਕੈਬਨਿਟ ਮੰਤਰੀ ਸ ਬਿਕਰਮ ਸਿੰਘ ਮਜੀਠੀਆ ਅੱਜ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮੱਖਣਵਿੰਡੀ ਵਿਖੇ ਨਤਮਸਤਕ ਹੋਏ ਅਤੇ ਉਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਸੇਵਾ ਦੇ ਪੁੰਜ ਕਾਰ ਸੇਵਾ ਵਾਲੇ ਸੰਤ ਬਾਬਾ ਅਜੈਬ ਸਿੰਘ ਜੀ ਮੱਖਣਵਿੰਡੀ ਵਾਲੇ ਜੋ ਕੇ ਬੀਤੇ ਦਿਨ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਬਾਬਾ ਜੀ ਦੇ ਚਰਨ ਸੇਵਕ ਬਾਬਾ ਸਰਦਾਰਾ ਸਿੰਘ ਤੇ ਹੋਰ ਸੰਤਾਂ ਨਾਲ ਦੁੱਖ ਸਾਝਾ ਕਰਦਿਆਂ ਮਜੀਠੀਆ ਨੇ ਕਿਹਾ ਬਾਬਾ ਅਜੈਬ ਸਿੰਘ ਮੱਖਣਵਿੰਡੀ ਵਾਲੇ ਉਹ ਮਹਾਨ ਸੰਤ ਸਨ ਜਿੰਨ੍ਹਾਂ ਆਪਣਾ ਸਾਰਾ ਜੀਵਨ ਗੁਰਧਾਮਾਂ ਦੀ ਸੇਵਾ ਵਿੱਚ ਬਿਤਾਇਆ ਅਤੇ ਬਾਬਾ ਜੀ ਵੱਲੋਂ ਤਨਮੰਨ ਨਾਲ ਸੇਵਾ ਕਰਨ ਦੇ ਨਾਲ ਨਾਲ ਸਿੱਖੀ ਦੇ ਪ੍ਰਚਾਰ ਦੇ ਰਾਹੀਂ ਅੰਮ੍ਰਿਤ ਪਾਨ ਕਰਵਾਕੇ ਹਜ਼ਾਰਾ ਸੰਗਤਾਂ ਨੂੰ ਗੁਰੂ ਦੇ ਲੜ ਲਗਾਇਆ ਅਤੇ ਬਾਬਾ ਜੀ ਵੱਲੋਂ ਗੁਰਦੁਆਰਾ ਜਨਮ ਅਸਥਾਨ ਬਾਬਾ ਬੁੱਢਾ ਸਾਹਿਬ ਕੱਥੂਨੰਗਲ ਤੇ ਪੰਜਾਬ ਸਮੇਤ ਹੋਰ ਸੂਬਿਆ ਵਿੱਚ ਗੁਰਧਾਮਾਂ ਦੀ ਸੇਵਾ ਕਵਾਈ ਜਾਂ ਰਹੀ ਹੈ।ਜਿਥੇ ਸੰਗਤਾਂ ਤਨਮੰਨ ਨਾਲ ਸੇਵਾ ਕਰ ਰਹੀਆਂ ਹਨ,ਅਤੇ ਵਾਹਿਗੁਰੂ ਬਾਬਾ ਜੀ ਨੂੰ ਆਪਣੇ ਚਰਨਾਂ ਚ ਨਿਵਾਸ ਬਖ਼ਸ਼ੇ ਅਤੇ ਸੰਗਤਾਂ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ੇ। ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਵਾਲੇ,ਬਾਬਾ ਦੀਦਾਰ ਸਿੰਘ ਕੱਥੂਨੰਗਲ,ਬਾਬਾ ਅਮਰੀਕ ਸਿੰਘ ਕਲੇਰ,ਬਾਬਾ ਨਿਰਮਲ ਸਿੰਘ ਗੋਰਖਾ ਯੂ ਪੀ, ਲਖਬੀਰ ਸਿੰਘ ਗਿੱਲ ਸਿਆਸੀ ਸਕੱਤਰ ਮਜੀਠੀਆ, ਬਾਬਾ ਸੁਖਵੰਤ ਸਿੰਘ ਚੰਨਣਕੇ, ਬਾਬਾ ਮੇਜਰ ਸਿੰਘ ਟਾਹਲੀ ਸਾਹਿਬ ਵਾਲੇ,ਬਾਬਾ ਕੰਵਲਜੀਤ ਸਿੰਘ ਉਦੋਕੇ, ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ , ਬਾਬਾ ਦਿਲਬਾਗ ਸਿੰਘ ਅਨੰਦਪੁਰ ਸਾਹਿਬ ਵਾਲੇ, ਮੈਨੇਜਰ ਮਨਜੀਤ ਸਿੰਘ ਕੰਡੀਲਾ ਗੁਰਦੁਆਰਾ ਜਨਮ ਅਸਥਾਨ ਕੱਥੂਨੰਗਲ , ਸਾਬਕਾ ਮੈਨਜਰ ਸਤਨਾਮ ਸਿੰਘ ਮਾਗਾ ਸਰਾਏ,ਸਾਬਕਾ ਮੈਨੇਜਰ ਹਰਜੀਤ ਸਿੰਘ ਭੋਆ, ਸਾਬਕਾ ਮੈਨੇਜਰ ਸਰੂਪ ਸਿੰਘ ਢੱਡੇ, ਯੂਥ ਅਕਾਲੀ ਆਗੂ ਜਸਪਾਲ ਸਿੰਘ ਭੋਆ ਸਰਪੰਚ,ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਗੋਲਡੀ, ਰੇਸਮ ਸਿੰਘ ਭੁੱਲਰ, ਯੂਥ ਆਗੂ ਗੁਰਭੇਜ ਸਿੰਘ ਸੋਨਾ ਭੋਆ,ਸਾਬਕਾ ਸਰਪੰਚ,ਸਾਬਕਾ ਸਰਪੰਚ ਜਤਿੰਦਰ ਸਿੰਘ ਤਲਵੰਡੀ,ਜਥੇਦਾਰ ਬਾਬਾ ਮੇਜਰ ਸਿੰਘ ਟਾਹਲੀ ਸਾਹਿਬ,ਸਰਪੰਚ ਜਸਵੰਤ ਸਿੰਘ,ਸਾਬਕਾ ਸਰਪੰਚ ਅੰਗਰੇਜ ਸਿੰਘ,ਕਿਸਾਨ ਆਗੂ ਗੁਰਮੇਜ ਸਿੰਘ,ਮਲਕੀਤ ਸਿੰਘ, ਦਿਲਬਾਗ ਸਿੰਘ,ਗੁਰਦੀਪ ਸਿੰਘ,ਪ੍ਰਭਪਾਲ ਸਿੰਘ, ਜਗੀਰ ਸਿੰਘ,ਭੁਪਿੰਦਰ ਸਿੰਘ ਟਾਹਲੀ ਸਾਹਿਬ,ਡਾ ਦਲਜੀਤ ਸਿੰਘ ਹੈਪੀ ਟਾਹਲੀ ਸਾਹਿਬ,ਤਰਲੋਚਨ ਸਿੰਘ ਸਿਆਲਕਾ,ਐਡਵੋਕੇਟ ਸਵੈਜੀਤ ਸਿੰਘ ਸਿਆਲਕਾ, ਗੁਰਿੰਦਰ ਸਿੰਘ ਗਿੰਦਾ ਚਵਿੰਡਾ ਦੇਵੀ, ਚਰਨਜੀਤ ਸਿੰਘ ਮੱਖਣਵਿੰਡੀ,ਮੱਖਣ ਸਿੰਘ ਹਰੀਆਂ,ਸਾਬਕਾ ਸਰਪੰਚ ਸੁਖਜੀਤ ਸਿੰਘ ਲੁੱਧੜ,ਸਾਬਕਾ ਸੰਮਤੀ ਮੈਂਬਰ ਬਹਾਦਰ ਸਿੰਘ ਲੁੱਧੜ,ਹਰਦਿਆਲ ਸਿੰਘ ਲੁੱਧੜ,ਵਿਪਨਪ੍ਰੀਤ ਸਿੰਘ ਮੱਖਣਵਿੰਡੀ,ਡਾ ਦੀਦਰ ਸਿੰਘ ਲੁੱਧੜ, ਪ੍ਰਧਾਨ ਅਮਰੀਕ ਸਿੰਘ ,ਨੰਬਰਦਾਰ ਦਲਬੀਰ ਸਿੰਘ,ਹੈਡਗ੍ਰੰਥੀ ਕਰਮ ਸਿੰਘ,ਡਾ ਡਾ ਦਲਵਿੰਦਰ ਸਿੰਘ ਰੰਧਾਵਾ ,ਸਤਿੰਦਰ ਸਿੰਘ ਮਾਨ ਸਮੇਤ ਹੋਰ ਵੱਖ-ਵੱਖ ਆਗੂਆਂ ਤੇ ਸੰਗਤਾਂ ਸਾਮਿਲ ਸਨ।

### ਹੋਲੇ ਮੁਹੱਲੇ ਮੌਕੇ ਚਲਾਏ ਗਏ ਲੰਗਰਾਂ ਦੀ ਹੋਈ ਸਮਾਪਤੀ

# ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵੱਲੋਂ ਦਿਨ ਰਾਤ ਲੰਗਰਾਂ ਵਿੱਚ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ : ਭਾਈ ਸਾਹਿਬ ਸਿੰਘ

**ਜੰਡਿਆਲਾ ਗੁਰੂ, 28 ਮਾਰਚ ( ਕੁਲਵੰਤ ਸਿੰਘ ਵਿਰਦੀ)**-ਸਰਬੰਸਦਾਨੀ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪਾਵਨ ਧਰਤੀ ਅਤੇ ਖ਼ਾਲਸੇ ਦੇ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅਤੇ ਪਾਵਨ ਧਾਰਮਿਕ ਅਸਥਾਨਾਂ ਤੇ ਹੋਲੇ ਮਹੱਲੇ ਦੇ ਪਵਿੱਤਰ ਦਿਹਾੜੇ ਮੌਕੇ ਸ੍ਰੀ ਆਨੰਦਪੁਰ ਸਾਹਿਬ ਜੀ ਨੂੰ ਜਾਂਦੀਆਂ ਸੰਗਤਾਂ ਲਈ ਸ਼੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ (ਰਜਿ.), ਪਿੰਡ ਵਡਾਲੀ ਡੋਗਰਾਂ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਸਮੂਹ ਸੰਗਤ ਅਤੇ ਬਾਬਾ ਅਮਰ ਸਿੰਘ ਜੀ, ਬਾਬਾ ਬਘੇਲ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਭੁੱਸੇ, ਜ਼ਿਲ੍ਹਾ ਤਰਨ ਤਾਰਨ ਤੋਂ ਆਈਆਂ ਸੰਗਤਾਂ ਅਤੇ ਸਮੂਹ ਰੰਧਾਵਾ ਪਰਿਵਾਰ ਦੇ ਕੰਟਰਈਸਆਈਡ ਫੈਕਟਰੀ ਆਊਟਲੈੱਟਸ, ਮਾਨਾਂਵਾਲਾ ਕਲਾਂ ਵਿਖੇ ਗੁਰੂ ਕੇ ਲੰਗਰ ਲਗਾਏ ਗਏ । ਇਸ ਮੌਕੇ ਸ਼੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ (ਰਜਿ.) ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਅਤੇ ਮੀਤ ਪ੍ਰਧਾਨ ਸੰਦੀਪ ਸਿੰਘ ਮੌਜੀ ਅਤੇ ਮੁੱਖ ਸੇਵਾਦਾਰ ਗਿਆਨੀ ਹਰਭਜਨ ਸਿੰਘ ,ਨੇ ਗੱਲਬਾਤ ਦੌਰਾਨ ਦੱਸਿਆ ਕਿ ਪਿਛਲੇ ਸੱਤ ਸਾਲਾਂ ਤੋਂ ਇਹ ਦੋਵੇਂ ਪਿੰਡ ਆਪਸੀ ਸਹਿਯੋਗ ਨਾਲ ਹੋਲੇ ਮਹੱਲੇ ਮੌਕੇ ਲੰਗਰ ਲਗਾਉਂਦੇ ਆ ਰਹੇ ਹਨ ਗੁਰੂ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਸਦਕਾ ਇਹ ਅੱਠਵਾਂ ਲੰਗਰ ਹੈ । ਇਹ ਲੰਗਰ 20 ਮਾਰਚ ਬੁੱਧਵਾਰ ਤੋਂ ਸ਼ੁਰੂ ਹੋ ਕੇ 27 ਮਾਰਚ ਬੁੱਧਵਾਰ ਤੱਕ ਦਿਨ ਰਾਤ 24 ਘੰਟੇ ਚੱਲਦੇ ਰਹੇ। ਇਨ੍ਹਾਂ ਲੰਗਰਾਂ ਵਿੱਚ ਸੰਗਤ ਲਈ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਏ ਗਏ ਹੋਲੇ ਮਹੱਲੇ ਵਾਲੇ ਦਿਨ ਵੱਖ ਵੱਖ ਪ੍ਰਕਾਰ ਦੀ ਕੌਫੀ ਦੇ ਕੈਫੇ ਲਗਾਏ ਗਏ ,ਜਿਸ ਵਿੱਚ ਨੌਜਵਾਨ ਅਤੇ ਖ਼ਾਸ ਕਰਕੇ ਛੋਟੇ ਛੋਟੇ ਬੱਚਿਆਂ ਨੇ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ । ਬੀਤੇ ਦਿਨ 27 ਮਾਰਚ ਵਾਲੇ ਦਿਨ ਸਮਾਪਤੀ ਮੌਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ ਅਤੇ ਅਸੀਂ ਵੱਖ ਵੱਖ ਇਲਾਕਿਆਂ ਤੋਂ ਸੇਵਾ ਕਰਨ ਆਈਆਂ ਬੀਬੀਆਂ ਭੈਣਾਂ ਮਾਤਾਵਾਂ ਵੀਰਾਂ ਬੱਚਿਆਂ ਅਤੇ ਸੇਵਾ ਵਿੱਚ ਤਨ ਮਨ ਧਨ ਨਾਲ ਯੋਗਦਾਨ ਪਾਉਣ ਵਾਲੀਆਂ ਸੰਗਤਾਂ ਦਾ ਧੰਨਵਾਦ ਕਰਦੇ ਹਾਂ ਅਤੇ ਗੁਰੂ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਸਮੂਹ ਸੰਗਤਾਂ ਦਾ ਇਸੇ ਤਰ੍ਹਾਂ ਪ੍ਰੇਮ ਪਿਆਰ ਇਤਫਾਕ ਬਣਿਆ ਰਹੇ ੧ ਇਸ ਮੌਕੇ ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਤੇ ਸੁਸਾਇਟੀ ਦੇ ਸਮੂਹ ਸੇਵਾਦਾਰਾਂ ਵੱਲੋਂ ਵਿਸ਼ੇਸ਼ ਤੌਰ ਤੇ ਬਾਬਾ ਬਘੇਲ ਸਿੰਘ , ਬਾਬਾ ਅਮਰ ਸਿੰਘ ਜੀ ਦੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸੁਰਿੰਦਰ ਸਿੰਘ ਰੰਧਾਵਾ , ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਗਹਿਰੀ ਮੰਡੀ ਭਗਤ ਪਰਮਿੰਦਰ ਸਿੰਘ ਰੰਧਾਵਾ , ਗੁਰਿੰਦਰ ਸਿੰਘ ਰੰਧਾਵਾ, ਬਾਬਾ ਬਘੇਲ ਸਿੰਘ , ਬਾਬਾ ਅਮਰ ਸਿੰਘ ਜੀ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਹਰਭਜਨ ਸਿੰਘ , ਉਹਨਾਂ ਦੇ ਸਾਥੀ , ਬਾਬਾ ਗੁਰਨਾਮ ਸਿੰਘ , ਬਾਬਾ ਲਾਲ ਸਿੰਘ , ਭਾਈ ਸੋਨਾ ਸਿੰਘ , ਗੁਰਪ੍ਰੀਤ ਸਿੰਘ ਗੋਪੀ , ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ, ਮੀਤ ਪ੍ਰਧਾਨ ਸੰਦੀਪ ਸਿੰਘ ਮੌਜੀ, ਖਜ਼ਾਨਚੀ ਦਵਿੰਦਰਪਾਲ ਸਿੰਘ ਗੋਰਾ , ਸਰਪੰਚ ਬੁੱਧ ਸਿੰਘ , ਜਸਬੀਰ ਸਿੰਘ , ਲਖਬੀਰ ਸਿੰਘ , ਦਿਲਬਾਗ ਸਿੰਘ , ਬੂਟਾ ਸਿੰਘ , ਬਲਬੀਰ ਸਿੰਘ , ਸੁਸਾਇਟੀ ਦੇ ਸਲਾਹਕਾਰ ਗਿਆਨੀ ਸੁਰਜਨ ਸਿੰਘ , ਨਾਨਕ ਸਿੰਘ , ਗੋਪੀ ਹਲਵਾਈ , ਸੁਸਾਇਟੀ ਦੇ ਮੈਂਬਰ ਜਗਦੀਸ਼ ਸਿੰਘ , ਸੁਸਾਇਟੀ ਦਾ ਜਰਨਲ ਸਕੱਤਰ ਜੋਬਨਬੀਰ ਸਿੰਘ ਵਡਾਲੀ , ਨਿਰਮਲ ਸਿੰਘ , ਸੁਖਬੀਰ ਸਿੰਘ , ਕਸ਼ਮੀਰ ਸਿੰਘ , ਮਨਜੀਤ ਸਿੰਘ , ਗੁਰਪ੍ਰੀਤ ਸਿੰਘ ਪਰੀਤ ,ਦਲਜੀਤ ਸਿੰਘ ਜੀਤਾ , ਸੁਸਾਇਟੀ ਦੇ ਮੈਂਬਰ ਸੰਦੀਪ ਸਿੰਘ ਬਾਊ , ਅਮਨਦੀਪ ਸਿੰਘ,ਇਸ ਮੌਕੇ ਆਦਿ ਹਾਜ਼ਰ ਸਨ।







ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਨੂੰ ਸਨਮਾਨਿਤ ਕਰਦੇ ਹੋਏ ਤੇਰੀ ਓਟ ਆਸਿਆਨਾ ਪਿੰਡ ਗਦਲੀ ਦੇ ਮੁੱਖੀ ਅਤੇ ਪੰਥ ਪ੍ਰਸਿਧ ਕਥਾਵਾਚਕ ਗਿਆਨੀ ਭੁਪਿੰਦਰ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ ਵਾਲੇ।( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੋਕ ਮਹਿਤਾ)

# ਖਤਰੀ ਸਭਾ ਮਹਿਲਾ ਮੰਡਲ ਅਤੇ ਖਤਰੀ ਸਭਾ ਵੱਲੋਂ "ਪਿਆਰ ਦੇ ਰੰਗ-ਜੀਵਨ ਦੇ ਸੰਗ" ਸੰਕਲਪ ਕਰਵਾਇਆ ਪ੍ਰੋਗਰਾਮ



**ਚੌਕ ਮਹਿਤਾ, 28 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਉਮੰਗ ਅਤੇ ਖੁਸ਼ੀ ਦੇ ਤਿਉਹਾਰ ਹੋਲੀ ਦੇ ਸੁਨੇਹੇ ਨੂੰ ਲੋਕਾ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਖਤਰੀ ਸਭਾ ਮਹਿਲਾ ਮੰਡਲ ਅਤੇ ਖਤਰੀ ਸਭਾ ਵੱਲੋਂ "ਪਿਆਰ ਦੇ ਰੰਗ-ਜੀਵਨ ਦੇ ਸੰਗ" ਸੰਕਲਪ ਪ੍ਰੋਗਰਾਮ ਕਰਵਾਇਆ ਗਿਆ ਖਤਰੀ ਸਭਾ ਮਹਿਲਾ ਮੰਡਲ ਦੇ ਅਧਿਯਕਸ਼ ਰਾਸ਼ਟਰਪਤੀ ਪੁਰਸਕਾਰ ਪ੍ਰਾਪਤ ਡਾ. ਸਵਰਾਜ ਗਰੋਵਰ ਨੇ ਖਤਰੀ ਸਭਾ ਅਧਿਯਕਸ਼ ਸ਼੍ਰੀ ਜਗਦੀਸ਼ ਅਰੋੜਾ, ਮਹਾਸਚਿਵ ਸ਼੍ਰੀ ਦਿਨੇਸ਼ ਖੰਨਾ, ਸੱਮਸਤ ਖਤਰੀ ਸਭਾ ਦੇ ਮਹਾਸਚਿਵ ਸੁਨੀਲ ਖੰਨਾ, ਮਹਿਲਾ ਮੰਡਲ ਉਪਅਧਿਯਕਸ਼ ਇੰਦਰਾ ਧਵਨ, ਉਪ ਸਚਿਵ ਡਾਲੀ ਭਾਟਿਆ, ਜਨਕ ਜੋਸੀ ਅਤੇ ਅਹੁਦੇਦਾਰ ਡਾ. ਪ੍ਰੋ, ਸ਼ੈਲੀ ਜੱਗੀ, ਡਾ. ਰਿਪਨ ਕੌਰ, ਡਾ. ਪ੍ਰੋ ਸੁਧਾ ਸ਼ਰਮਾ, ਡਾ. ਅਸ਼ੋਕ ਚਾਨੰਨਾ, ਸ਼੍ਰੀ ਸਤੀਸ਼ ਬਧਵਾਰ, ਸ਼੍ਰੀ ਪਵਨ ਕੁੰਦਰਾ, ਕਿਰਨ ਵਿਜ, ਸੋਨੀਆ ਚੋਹਾਨ, ਦੀਪਕ ਵਿਜ, ਵੀਨਾ ਕਪੂਰ, ਸਨੇਹ ਅਰੋੜਾ, ਐਡ. ਰਜਨੀ ਜੋਸ਼ੀ, ਉਸ਼ਾ ਗੁਪਤਾ ਅਤੇ ਹੋਰ ਮੈਂਬਰਾਂ ਨੂੰ ਸੰਕਲਪ ਦਿਵਾਇਆ ਕਿ ਹੋਲੀ ਦਾ ਤਿਉਹਾਰ ਸਾਡੀ ਸਾਂਸਕ੍ਰਿਤੀਕ ਪੂੰਜੀ, ਸਾਮਾਜਿਕ ਸਮਰਥਾ ਅਤੇ ਏਕਤਾ ਅਖੰਡਤਾ ਦਾ ਪ੍ਰਤੀਕ ਹੋਣ ਦੇ ਕਾਰਨ ਅਸੀ ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ ਦੇ ਭੇਦਭਾਵ ਨੂੰ ਖਤਮ ਕਰਕੇ ਪਿਆਰ ਦੇ ਰੰਹਾ ਨਾਲ ਜੀਵਨ ਦੀ ਤਸਵੀਰ ਅਤੇ ਤਕਦੀਕ ਨੂੰ ਸੋਹਨਾ ਅਤੇ ਸੁਖਦ ਬਣਾਈਏ ਇਸ ਮੌਕੇ ਅਯੋਧਿਆ ਦੇ ਰਾਮ ਮੰਦਰ ਤੋਂ ਲਿਆਏ ਗਏ ਪ੍ਰਸਾਦ ਨੂੰ ਸਾਰੇ ਭਗਤਾ ਨੂੰ ਵੰਡਿਆ ਗਿਆ।

# ਪੱਛਮੀ ਮੁਲਕਾਂ ਦਾ ਇੰਡੀਆਂ ਦੀ ਜ਼ਮਹੂਰੀਅਤ ਤੋਂ ਉੱਠਿਆ ਵਿਸਵਾਸ, ਮੌਜੂਦਾ ਹੁਕਮਰਾਨ ਗੱਲ ਨਹੀਂ ਕਰ ਸਕਦੇ ਦੇਸ਼ ਅੰਦਰ ਨਿਰਪੱਖ ਨਿਆਪਾਲਿਕਾਂ ਹੋਣ ਦੀ : ਮਾਨ



**ਨਵੀਂ ਦਿੱਲੀ, 28 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- "ਇੰਡੀਆਂ ਦੀ ਵਿਦੇਸ਼ ਵਿਜਾਰਤ ਇਥੇ ਨਿਰਪੱਖ ਨਿਆਪਾਲਿਕਾ ਹੋਣ ਦੀ ਗੱਲ ਦਾ ਗੁੰਮਰਾਹਕੁੰਨ ਪ੍ਰਚਾਰ ਕਰ ਰਹੀ ਹੈ । ਜਦੋਂਕਿ ਇਥੋ ਦੇ ਨਾਗਰਿਕਾਂ ਅਤੇ ਨਿਵਾਸੀਆ ਉਤੇ ਹੁਕਮਰਾਨਾਂ ਵੱਲੋ ਕੀਤੇ ਜਾ ਰਹੇ ਗੈਰ ਵਿਧਾਨਿਕ ਜ਼ਬਰ ਜੁਲਮ, ਬੇਇਨਸਾਫ਼ੀਆਂ ਦੀ ਬਦੌਲਤ ਪੱਛਮੀ ਮੁਲਕਾਂ ਦਾ ਇੰਡੀਆਂ ਦੀ ਜਮਹੂਰੀਅਤ ਤੋ ਵਿਸਵਾਸ ਖਤਮ ਹੋ ਚੁੱਕਾ ਹੈ ਕਿ ਇਥੇ ਕਾਨੂੰਨ ਦਾ ਰਾਜ, ਮਨੁੱਖੀ ਅਧਿਕਾਰਾ ਦੀ ਰੱਖਿਆ, ਪ੍ਰਿੰਸੀਪਲ ਆਫ ਨੈਚੁਰਲ ਜਸਟਿਸ ਨਾਮ ਦੀ ਕੋਈ ਚੀਜ ਨਹੀ ਰਹਿ ਗਈ ਅਤੇ ਨਿਰੰਤਰ ਘੱਟ ਗਿਣਤੀ ਕੌਮਾਂ, ਅਨੁਸੂਚਿਤ ਜਾਤੀਆਂ ਅਤੇ ਕਬੀਲਿਆ ਉਤੇ ਗੈਰ ਵਿਧਾਨਿਕ ਅਮਲ ਹੋ ਰਹੇ ਹਨ, ਫਿਰ ਨਿਰਪੱਖ ਨਿਆ ਦੀ ਗੱਲ ਕਰਨਾ ਬੇਤੁੱਕੀ ਹੈ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਇੰਡੀਆ ਦੀ ਵਿਦੇਸ ਵਿਜਾਰਤ ਵੱਲੋ ਇੰਡੀਆ ਵਿਚ ਨਿਰਪੱਖ ਨਿਆਪਾਲਿਕਾ ਹੋਣ ਦੇ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਬਾਬਰੀ ਮਸਜਿਦ, ਰਾਮ ਮੰਦਰ ਦਾ ਫੈਸਲਾ ਆਉਣ ਤੋ ਬਾਅਦ ਕਸਮੀਰ ਵਿਚ ਉਥੋ ਦੀ ਕਾਨੂੰਨ ਅਨੁਸਾਰ ਮਿਲੀ ਵਿਧਾਨਿਕ ਆਜਾਦੀ ਨੂੰ ਖਤਮ ਕਰਨ ਹਿੱਤ ਆਰਟੀਕਲ 370 ਅਤੇ 35ਏ ਰੱਦ ਕਰ ਦਿੱਤੇ ਗਏ ਅਤੇ ਵਿਧਾਨ ਦੀ ਰੱਖਿਅਕ ਕਹਾਉਣ ਵਾਲੀ ਸੁਪਰੀਮ ਕੋਰਟ ਇਸ ਗੰਭੀਰ ਮਸਲੇ ਤੇ ਆਪਣੀ ਜਿੰਮੇਵਾਰੀ ਪੂਰਨ ਕਰਨ ਵਿਚ ਅਸਫਲ ਸਾਬਤ ਹੋ ਗਈ । ਫਿਰ ਪੱਛਮੀ ਮੁਲਕ ਕਤਈ ਵੀ ਇਥੇ ਜਮਹੂਰੀਅਤ ਕਾਇਮ ਹੋਣ ਦੀ ਗੱਲ ਨਹੀ ਕਰ ਸਕਦੇ । ਇਸ ਸੁਪਰੀਮ ਕੋਰਟ ਨੇ 1984 ਵਿਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਉਤੇ ਹੋਏ ਬਲਿਊ ਸਟਾਰ ਦੇ ਫ਼ੌਜੀ ਹਮਲੇ ਸਮੇ ਅਤੇ ਨਵੰਬਰ 1984 ਵਿਚ ਸਾਜਸੀ ਢੰਗ ਨਾਲ ਸਿੱਖ ਕੌਮ ਦੇ ਹੋਏ ਕਤਲੇਆਮ ਸਮੇ ਆਪਣੀ ਜਿੰਮੇਵਾਰੀ ਨਹੀ ਨਿਭਾਈ । ਜਦੋਂਕਿ ਵੱਡੀ ਗਿਣਤੀ ਵਿਚ ਅਪਰਾਧਿਕ ਢੰਗਾਂ ਰਾਹੀ ਸਿੱਖਾਂ ਦਾ ਕਤਲੇਆਮ ਕੀਤਾ ਗਿਆ । ਉਨ੍ਹਾਂ ਦੀਆਂ ਇਤਿਹਾਸਿਕ ਯਾਦਗਰਾਂ ਖਤਮ ਕੀਤੀਆ ਗਈਆ । ਨਸਲੀ ਸਫਾਈ ਕੀਤੀ ਗਈ, ਬਦਲੇ ਦੀ ਭਾਵਨਾ ਨਾਲ ਹਮਲੇ ਹੋਏ ਫਿਰ ਕਿਵੇ ਉਪਰੋਕਤ ਜਮਹੂਰੀਅਤ ਦੀ ਗੱਲ ਨੂੰ ਮੰਨਿਆ ਜਾ ਸਕਦਾ ਹੈ ?

ਉਨ੍ਹਾਂ ਕਿਹਾ ਕਿ ਸ੍ਰੀ ਕੇਜਰੀਵਾਲ ਦੀ ਗ੍ਰਿਫਤਾਰੀ ਸਮੇਂ ਜੋ ਜਰਮਨ ਦੇ ਰਾਜਦੂਤ ਨੂੰ ਸੰਮਨ ਕਰਕੇ ਸਾਊਥ ਬਲਾਕ ਦੇ ਦਫਤਰ ਵਿਚੋ ਬੁਲਾਇਆ ਗਿਆ । ਹੁਣ ਅਮਰੀਕਾ ਦੇ ਐਕਟਿੰਗ ਡਿਪਟੀ ਚੀਫ ਮਿਸਨ ਗਲੋਰੀਆ ਬਾਰਬਿਨਾ ਨੂੰ ਬੁਲਾਇਆ ਗਿਆ । ਇੰਡੀਆ ਦੇ ਇਹ ਅਮਲ ਤੇ ਸੋਚ ਇਕ ਹੋਛੇਪਣ ਹਿੰਦੂ ਸਟੇਟ ਦੀ ਗੱਲ ਨੂੰ ਪ੍ਰਤੱਖ ਕਰਦੀ ਹੈ । ਜਦੋਂਕਿ ਇਹ ਅਮਲ ਕੌਮਾਂਤਰੀ ਕਾਨੂੰਨਾਂ ਅਤੇ ਮਨੁੱਖੀ ਅਧਿਕਾਰਾਂ ਦੇ ਨਿਯਮਾਂ ਦੀ ਘੋਰ ਉਲੰਘਣਾ ਵਾਲੀਆ ਹਨ । ਨਾ ਕਿ ਮੁਲਕ ਦੀ ਪ੍ਰਭੂਸਤਾ ਵਾਲੀਆ । ਉਨ੍ਹਾਂ ਕਿਹਾ ਕਿ ਜਿਵੇ ਸ੍ਰੀ ਮੋਦੀ ਦੀ ਅਗਵਾਈ ਹੇਠ ਬੀਜੇਪੀ-ਆਰ.ਐਸ.ਐਸ ਦੀ ਹਕੂਮਤ ਪੱਖਪਾਤੀ ਕਾਰਵਾਈਆ ਕਰ ਰਹੀ ਹੈ, ਅਸੀ ਇਹ ਸਮਝਦੇ ਹਾਂ ਕਿ ਇਹ ਇਸ ਮੁਲਕ ਦੇ ਪ੍ਰਬੰਧ ਨੂੰ ਚਲਾਉਣ ਦੇ ਯੋਗ ਨਹੀ ਹਨ । ਕੇਵਲ ਪੱਛਮੀ, ਉੱਤਰੀ ਅਤੇ ਪੂਰਬੀ ਫ਼ੌਜ ਦਾ ਪ੍ਰੋਪੇਗੰਡਾ ਕਰਨ ਦਾ ਗਲਤ ਢੰਗ ਹੈ । ਇਸ ਹੋਏ ਕੌਮਾਂਤਰੀ ਪੱਧਰ ਦੇ ਨਿਯਮਾਂ ਤੇ ਅਸੂਲਾਂ ਦੀ ਉਲੰਘਣਾ ਉਪਰੰਤ ਅਮਰੀਕਾ ਨੂੰ ਚਾਹੀਦਾ ਹੈ ਕਿ ਉਹ ਆਪਣੀ ਰੱਖਿਆ ਸੰਧੀ ਅਤੇ ਕੁਆਡ ਮੁਲਕਾਂ ਦੇ ਸੰਬੰਧ ਵਿਚ ਮੁੜ ਵਿਚਾਰ ਕਰੇ । ਜਰਮਨ ਨੂੰ ਵੀ ਇਸ ਸਮੇ ਚੁੱਪ ਨਾ ਰਹਿਕੇ ਇੰਡੀਅਨ ਹੁਕਮਰਾਨਾਂ ਦੇ ਜਮਹੂਰੀਅਤ ਦੇ ਨਾਮ ਹੇਠ ਛੁੱਪੇ ਹੱਥਕੰਡਿਆ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ । ਕਿਉਂਕਿ ਇਨ੍ਹਾਂ ਦੇ ਅਮਲ ਨਿਊਰਮਬਰਗ ਲਾਅ 1935 ਦੇ ਜੁਰਮਾਂ ਦੀ ਤਰ੍ਹਾਂ ਹੋ ਗਏ ਹਨ ।

# ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ ਵਿੱਚ ਨੋਵੀਂ ਅਤੇ ਗਿਆਰਵੀਂ ਸ੍ਰੇਣੀ ਦੇ ਦਾਖਲੇ ਲਈ ਪ੍ਰਵੇਸ ਪ੍ਰੀਖਿਆ 2024 ਸਬੰਧੀ ਜਿਲ੍ਹਾ ਮੈਜਿਸਟਰੇਟ ਨੇ ਕੀਤੇ ਪਾਬੰਦੀ ਦੇ ਹੁਕਮ ਜਾਰੀ

**ਪਠਾਨਕੋਟ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਅਦਿੱਤਿਆ ਉੱਪਲ ਜਿਲ੍ਹਾ ਮੈਜਿਸਟ੍ਰੇਟ ਪਠਾਨਕੋਟ ਨੇ ਹੁਕਮ ਜਾਰੀ ਕਰਦਿਆਂ ਹਦਾਇਤ ਕੀਤੀ ਹੈ ਕਿ ਮੈਰੀਟੋਰੀਅਸ ਅਤੇ ਸਕੂਲ ਆਫ ਐਮੀਨੈਂਸ ਵਿੱਚ ਨੋਵੀਂ ਅਤੇ ਗਿਆਰਵੀਂ ਸ੍ਰੇਣੀ ਦੇ ਦਾਖਲੇ ਲਈ ਪ੍ਰਵੇਸ ਪ੍ਰੀਖਿਆ 2024 ਮਿਤੀ 30 ਮਾਰਚ 2024 ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਿਹਰ 1 ਵਜੇ ਤੱਕ ਬੋਰਡ ਵੱਲੋਂ ਜਿਲ੍ਹਾ ਪਠਾਨਕੋਟ ਵਿੱਚ ਸਥਾਪਿਤ ਕੀਤੇ ਪ੍ਰੀਖਿਆ ਕੇਂਦਰਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਨਿਰਧਾਰਤ ਪ੍ਰੀਖਿਆ ਕੇਂਦਰਾਂ ਦੇ ਆਲੇ-ਦੁਆਲੇ ਦਫਾ 144 ਸੀਆਰਪੀਸੀ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਅੰਦਰ ਉਪਰੋਕਤ ਪ੍ਰੀਖਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਾਰਕਲਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਧਾਨੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਣੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੋਆ, ਸਹੀਦ ਮੱਖਣ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੇ.ਐਫ.ਸੀ. ਪਠਾਨਕੋਟ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਸੁਜਾਨਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਿਕਪੁਰ, ਸਹੀਦ ਸਿਪਾਹੀ ਸੁਨੀਲ ਕੁਮਾਰ ਯਾਦਗਾਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੈਗੋਵਾਲ ਤਾਰਾਗੜ੍ਹ, ਸਹੀਦ ਮੇਹਰ ਸਿੰਘ ਵੀਰ ਚੱਕਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਰੋਟ ਜੈਮਲ ਸਿੰਘ ਸਕੂਲਾਂ ਵਿਖੇ ਉਪਰੋਕਤ ਪ੍ਰੀਖਿਆ ਆਯੋਜਿਤ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM

## ਪੰਜਾਬ ਬਚਾਓ ਯਾਤਰਾ ਨੂੰ ਤਲਵੰਡੀ ਸਾਬੋ ਵਿਚ ਮਿਲਿਆ ਭਰਵਾਂ ਹੁੰਗਾਰਾ

# ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਨੂੰ ਕੀਤੀ ਅਪੀਲ









ਤਲਵੰਡੀ ਸਾਬੋ, 28 ਮਾਰਚ (ਗੁਰਜੰਟ ਸਿੰਘ ਨਥੇਹਾ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬੀਆਂ ਕੋਲ ਚੁਣਨ ਦਾ ਮੌਕਾ ਹੈ ਕਿ ਉਹ ਉਹਨਾਂ ਨੂੰ ਚੁਣਨ ਜਿਹੜੇ ਉਹਨਾਂ ਦੇ ਨਾਲ ਰਹਿੰਦੇ ਹਨ ਤੇ ਉਹਨਾਂ ਲਈ ਕੰਮ ਕਰਦੇ ਹਨ ਜਾਂ ਫਿਰ ਬਾਹਰਲੇ ਜੋ ਪੰਜਾਬ ਆ ਕੇ ਲੁੱਟ ਖਸੁੱਟ ਮਚਾਉਂਦੇ ਹਨ। ਅਕਾਲੀ ਦਲ ਦੇ ਪ੍ਰਧਾਨ ਜਿਹਨਾਂ ਨੇ ਪੰਜਾਬ ਬਚਾਓ ਯਾਤਰਾ ਤਹਿਤ ਅੱਜ ਬੀਬਾ ਹਰਸਿਮਰਤ ਕੌਰ ਬਾਦਲ ਦੇ ਨਾਲ ਤਲਵੰਡੀ ਸਾਬੋ ਹਲਕਿਆਂ ਦਾ ਦੌਰਾ ਕੀਤਾ, ਬਠਿੰਡੇ ਜਿਲ੍ਹੇ ਚ ਪ੍ਰਵੇਸ਼ ਕਰਦਿਆਂ ਹੀ ਪਿੰਡ ਨਥੇਹਾ ਵਿਖੇ ਵੱਡੀ ਗਿਣਤੀ ਲੋਕਾਂ ਨੇ ਸਵਾਗਤ ਕੀਤਾ। ਨਥੇਹਾ ਪਿੰਡ ਸੈਂਕੜਿਆਂ ਦੀ ਗਿਣਤੀ ’ਚ ਟਰੈਕਟਰਾਂ ਦਾ ਕਾਫ਼ਲਾ ਯਾਤਰਾ ਦੇ ਨਾਲ ਰਵਾਨਾ ਹੋਇਆ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਹੁਣ ਲੋਕਾਂ ਨੇ ਚੁਣਨਾ ਹੈ ਕਿ ਉਹ ਆਪਣਿਆਂ ਨੂੰ ਚੁਣਦੇ ਹਨ ਜਾਂ ਪਰਾਇਆਂ ਨੂੰ ਚੁਣੇ ਹਨ। ਉਹਨਾਂ ਕਿਹਾ ਕਿ ਅਕਾਲੀ ਦਲ ਆਪਣੇ ਘਰ ਦੀ ਪਾਰਟੀ ਹੈ ਤੇ ਉਹਨਾਂ ਨੇ ਦਿੱਲੀ ਆਧਾਰਿਤ ਪਾਰਟੀਆਂ ’ਤੇ ਪੰਜਾਬੀਆਂ ਵਿਚ ਭੁਲੇਖੇ ਪੈਦਾ ਕਰਨ ਲਈ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਅਤੇ ਇਹ ਵੀ ਕਿਹਾ ਕਿ ਉਹਨਾਂ ਦੀ ਆਪਣੀ ਸਮਾਜਿਕ, ਧਾਰਮਿਕ ਤੇ ਸਿਆਸੀ ਫੌਜ ਸ਼੍ਰੋਮਣੀ ਅਕਾਲੀ ਦਲ ਹੈ। ਉਹਨਾਂ ਕਿਹਾ ਕਿ ਦੋ ਸਾਲਾਂ ਤੋਂ ਰਚੀ ਜਾ ਰਹੀ ਸਾਜ਼ਿਸ਼ ਬੇਨਕਾਬ ਹੋ ਗਈ ਹੈ ਤੇ ਪੰਜਾਬੀ ਹੁਣ ਝਾੜੂ, ਖ਼ੂਨੀ ਪੰਜਾ ਤੇ ਕਮਲ ਦਾ ਫੁੱਲ ਛੱਡ ਕੇ ਤਕੜੀ ’ਤੇ ਵਿਸ਼ਵਾਸ ਕਰਨ ਲਈ ਤਿਆਰ ਹਨ। ਬਠਿੰਡਾ ਦੇ ਐਮ ਪੀ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਇਕ ਵਾਰ ਪੰਜਾਬੀਆਂ ਨੇ ਅਕਾਲੀ ਦਲ ’ਤੇ ਮੁੜ ਵਿਸ਼ਵਾਸ ਕਰ ਲਿਆ ਤਾਂ ਫਿਰ ਦਿੱਲੀ ਦੀਆਂ ਪਾਰਟੀਆਂ ਵੱਲੋਂ ਪੰਜਾਬੀਆਂ ਨੂੰ ਪੰਜਾਬੀਆਂ ਨਾਲ ਲੜਾਉਣ ਦੇ ਕੀਤੇ ਜਾਂਦੇ ਯਤਨ ਫੇਲ੍ਹ ਹੋ ਜਾਣਗੇ। ਯਾਤਰਾ ਨੂੰ ਦੋਵਾਂ ਹਲਕਿਆਂ ਵਿਚ ਭਰਵਾਂ ਹੁੰਗਾਰਾ ਮਿਲਿਆ ਤੇ ਪਿੰਡਾਂ ਵਿਚ ਅਤੇ ਬਜ਼ਾਰਾਂ ਵਿਚ ਸੈਂਕੜੇ ਲੋਕਾਂ ਨੇ ਬਾਹਰ ਆ ਕੇ ਪਾਰਟੀ ਪ੍ਰਧਾਨ ਦਾ ਸਵਾਗਤ ਕੀਤਾ ਤੇ ਸੈਂਕੜਿਆਂ ਦੀ ਗਿਣਤੀ ਵਿਚ ਟਰੈਕਟਰ, ਜੀਪਾਂ, ਕਾਰਾਂ ਤੇ ਮੋਟਰ ਸਾਈਕਲ ਲੈ ਕੇ ਲੋਕ ਅਕਾਲੀ ਦਲ ਦੇ ਪ੍ਰਧਾਨ ਨਾਲ ਯਾਤਰਾ ਵਿਚ ਸ਼ਾਮਲ ਹੋਏ। ਲੋਕਾਂ ਨੇ ਆ ਕੇ ਸ੍ਰ. ਸੁਖਬੀਰ ਬਾਦਲ ਨਾਲ ਮੁਲਾਕਾਤ ਕੀਤੀ ਤੇ ਇਹ ਵੀ ਦੱਸਿਆ ਕਿ ਕਿਵੇਂ ਉਹਨਾਂ ਦੇ ਮੋਟੇ-ਮੋਟੇ ਬਿਜਲੀ ਬਿੱਲ ਆ ਰਹੇ ਹਨ ਤੇ ਆਟਾ ਦਾਲ ਤੇ ਬੁਢਾਪਾ ਪੈਨਸ਼ਨ ਸਮੇਤ ਸਮਾਜ ਭਲਾਈ ਸਕੀਮਾਂ ਵਿਚੋਂ ਉਹਨਾਂ ਦੇ ਨਾਂ ਕੱਟ ਦਿੱਤੇ ਗਏ ਹਨ। ਘੋੜੇ ਪਾਲਣ ਵਾਲਿਆਂ ਨੇ ਵੀ ਅਕਾਲੀ ਦਲ ਦੇ ਪ੍ਰਧਾਨ ਨਾਲ ਮੁਲਾਕਾਤ ਕੀਤੀ ਤੇ ਦੱਸਿਆ ਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਵੱਲੋਂ ਸ਼ੁਰੂ ਕੀਤੇ ਪਸ਼ੂ ਮੇਲੇ ਬੰਦ ਕਰ ਦਿੱਤੇ ਗਏ ਹਨ। ਸ੍ਰ. ਬਾਦਲ ਨੇ ਉਹਨਾਂ ਨੂੰ ਭਰੋਸਾ ਦੁਆਇਆ ਕਿ ਅਕਾਲੀ ਦਲ ਨਾ ਸਿਰਫ ਇਹ ਪਸ਼ੂ ਮੇਲੇ ਦੁਬਾਰਾ ਸ਼ੁਰੂ ਕਰੇਗਾ ਬਲਕਿ ਉਹ ਮਾਰਵਾੜੀ ਘੋੜ ਦੌੜ ਨੂੰ ਵੀ ਉਤਸ਼ਾਹਿਤ ਕਰੇਗਾ। ਸ੍ਰ. ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਪਾਰਟੀ ਦਾ ਪੰਥਕ ਤੇ ਖੇਤਰੀ ਸਰੂਪ ਕਾਇਮ ਰੱਖੇਗਾ। ਉਹਨਾਂ ਕਿਹਾ ਕਿ ਸਾਡਾ ਪੰਥ ਤੇ ਪੰਜਾਬੀਆਂ ਦੀਆਂ ਇੱਛਾਵਾਂ ਦੀ ਰਾਖੀ ਦਾ ਅਮੀਰ ਵਿਰਸਾ ਰਿਹਾ ਹੈ। ਦਿੱਲੀ ਦੀਆਂ ਪਾਰਟੀਆਂ ਸਿਆਸੀ ਲਾਭ ਵਾਸਤੇ ਸਭ ਕੁਝ ਕੁਰਬਾਨ ਕਰ ਦਿੰਦੀਆਂ ਹਨ ਪਰ ਅਕਾਲੀ ਦਲ ਕਦੇ ਵੀ ਆਪਣੇ ਮੂਲ ਸਿਧਾਂਤਾਂ ਤੇ ਕਦਰਾਂ ਕੀਮਤਾਂ ’ਤੇ ਕੋਈ ਸਮਝੌਤਾ ਨਹੀਂ ਕਰੇਗਾ। ਉਹਨਾਂ ਕਿਹਾ ਕਿ ਇਹੀ ਕਾਰਨ ਹੈ ਕਿ ਅਸੀਂ ਸੱਤਾ ਦੀ ਖੇਡ ਵਿਚ ਨਹੀਂ ਉਲਝੇ ਤੇ ਸਿਰਫ ਪੰਜਾਬੀਆਂ ਨਾਲ ਡੱਟਣ ਦਾ ਫੈਸਲਾ ਲਿਆ।

ਪੰਜਾਬੀਆਂ ਨੂੰ ਆਪਣੀ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਅਪੀਲ ਕਰਦਿਆਂ ਸਰਦਾਰ ਬਾਦਲ ਨੇ ਕਿਹਾ ਕਿ ਦਿੱਲੀ ਆਧਾਰਿਤ ਪਾਰਟੀਆਂ ਨੇ ਪਿਛਲੇ ਸੱਤ ਸਾਲਾਂ ਵਿਚ ਪੰਜਾਬ ਨੂੰ ਬਰਬਾਦ ਕਰ ਕੇ ਰੱਖ ਦਿੱਤਾ ਹੈ। ਉਹਨਾਂ ਕਿਹਾ ਕਿ ਨਾ ਸਿਰਫ ਸੂਬੇ ਨੂੰ ਕੰਗਾਲ ਕੀਤਾ ਗਿਆ ਹੈ ਬਲਕਿ ਸਾਰੇ ਵਿਕਾਸ ਕਾਰਜ ਠੱਪ ਹੋ ਕੇ ਰਹਿ ਗਏ ਹਨ।

ਉਹਨਾਂ ਕਿਹਾ ਕਿ ਮੈਂ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਦੋਵਾਂ ਨੂੰ ਚੁਣੌਤੀ ਦਿੰਦਾ ਹਾਂ ਕਿ ਉਹ ਪਿਛਲੇ ਸੱਤ ਸਾਲਾਂ ਦੌਰਾਨ ਇਹਨਾਂ ਦੇ ਕਾਰਜਕਾਲ ਵਿਚ ਬਣਿਆ ਕੋਈ ਵੀ ਵੱਡਾ ਬੁਨਿਆਦੀ ਢਾਂਚੇ ਦਾ ਪ੍ਰਾਜੈਕਟ ਵਿਖਾ ਦੇਣ। ਉਹਨਾਂ ਕਿਹਾ ਕਿ ਦੂਜੇ ਪਾਸੇ ਅਕਾਲੀ ਦਲ ਨੇ ਕਿਸਾਨਾਂ ਨੂੰ ਮੁਫਤ ਬਿਜਲੀ ਸਪਲਾਈ ਦਿੱਤੀ, ਆਟਾ ਦਾਲ ਤੇ ਬੁਢਾਪਾ ਪੈਨਸ਼ਨ ਵਰਗੀਆਂ ਨਿਵੇਕਲੀਆਂ ਸਮਾਜ ਭਲਾਈ ਸਕੀਮਾਂ ਸ਼ੁਰੂ ਕੀਤੀਆਂ। ਇਸਨੇ ਸੂਬੇ ਵਿਚ ਸਾਰੇ ਪ੍ਰਮੁੱਖ ਬੁਨਿਆਦੀ ਢਾਂਚਾ ਪ੍ਰਾਜੈਕਟ ਲਿਆਂਦੇ ਜਿਹਨਾਂ ਵਿਚ ਬਠਿੰਡਾ ਰਿਫਾਇਨਰੀ, ਥਰਮਲ ਪਲਾਂਟ, ਏਮਜ਼ ਇੰਸਟੀਚਿਊਟ, ਸੈਂਟਰਲ ਯੂਨੀਵਰਸਿਟੀ, ਚਹੁੰ ਮਾਰਗੀ ਹਾਈਵੇ ਅਤੇ ਹਵਾਈ ਅੱਡੇ ਸ਼ਾਮਲ ਹਨ। ਪੰਜਾਬ ਬਚਾਓ ਯਾਤਰਾ ਨਥੇਹਾ ਤੋਂ ਚਲਕੇ ਸੀਂਗੋ, ਜਗਾ ਰਾਮ ਤੀਰਥ ਅਤੇ ਤਲਵੰਡੀ ਸਾਬੋ ਪਹੁੰਚੀ।

## ਜੇ ਸੁਖਬੀਰ ਬਾਦਲ ਪੰਥ ਦਾ ਭਲਾ ਚਾਹੁੰਦਾ ਤਾਂ

# ਆਪਣੇ ਪਾਪ ਅਤੇ ਗੁਨਾਹ ਖੁੱਲ੍ਹ ਕੇ ਮੰਨੇ ਤੇ ਪ੍ਰਧਾਨਗੀ ਛੱਡੇ : ਭਾਈ ਭੁਪਿੰਦਰ ਸਿੰਘ



**ਅੰਮ੍ਰਿਤਸਰ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਲੋਕ ਸਭਾ ਚੋਣਾਂ ਨੇੜੇ ਆਉਣ ਲੱਗੀਆਂ ਤਾਂ ਭਾਜਪਾ ਅਤੇ ਬਾਦਲਕਿਆਂ ਨੂੰ ਇੱਕ ਦੂਜੇ ਦੀ ਲੋੜ ਮਹਿਸੂਸ ਹੋਣ ਲੱਗੀ, ਅੰਦਰ ਖਾਤੇ ਦੋਹਾਂ ਪਾਰਟੀਆਂ ਦੇ ਲੋਕਾਂ ਨੇ ਜ਼ੋਰ ਮਾਰਨਾ ਸ਼ੁਰੂ ਕੀਤਾ। ਦੂਜੇ ਪਾਸੇ ਬਾਦਲਕਿਆਂ ਨੂੰ ਛੱਡ ਕੇ ਗਏ ਅਤੇ ਭਾਜਪਾ ਦੀਆ ਬਰੂਹਾਂ ਤੇ ਬੈਠੇ ਢੀਂਡਸਾ ਪਰਿਵਾਰ ਅਤੇ ਬੀਬੀ ਜਗੀਰ ਕੌਰ ਨੇ ਮਹਿਸੂਸ ਕੀਤਾ ਕਿ ਜੇ ਭਾਜਪਾ ਤੇ ਅਕਾਲੀ ਇਕੱਠੇ ਹੋ ਗਏ ਤੇ ਸਾਡੀ ਤੇ ਬੁੱਕਤ ਹੀ ਖ਼ਤਮ ਹੋ ਜਾਣੀ। ਢੀਂਡਸਾ ਪਰਿਵਾਰ ਰਾਮ ਰਹੀਮ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਭੇਜੀ ਪੁਸ਼ਾਕ ਭੁੱਲ ਗਏ ਅਤੇ ਬੀਬੀ ਜਗੀਰ ਕੌਰ ਲਿਫਾਫੇ ਵਿਚੋਂ ਨਿਕਲਦਾ ਸ਼੍ਰੋਮਣੀ ਕਮੇਟੀ ਪ੍ਰਧਾਨ ਵਾਲਾ ਕਲਚਰ ਭੁੱਲ ਗਏ ਤੇ ਛੇਤੀ ਨਾਲ ਅਕਾਲੀ ਦਲ ਵਿੱਚ ਆ ਗਏ ਪਰ ਹੁਣ ਜਦ ਭਾਜਪਾ ਅਤੇ ਬਾਦਲਕਿਆਂ ਦਾ ਕੋਈ ਸਮਝੌਤਾ ਨਹੀਂ ਹੋਇਆ ਤਾਂ ਇਹ ਵਿਚਾਰੇ ਸੋਚੀ ਪਏ ਹਨ ਕੀ ਅਸੀ ਤੇ ਬਹੁਤ ਵੱਡੀ ਗਲਤੀ ਕਰ ਲਈ। ਹੁਣ ਇਹ ਲੋਕਾਂ ਆਪ ਤੇ ਭਾਜਪਾ ਵਿਚ ਜਾਣਗੇ ਹੀ ਤੇ ਹੋਰ ਵੀ ਕਈਆ ਨੂੰ ਨਾਲ ਲੈਕੇ ਜਾਣਗੇ। ਬਾਦਲਕਿਆਂ ਦੇ ਨਾਲ ਖੜੇ ਲੋਕ ਨਾ ਤੇ ਸਿਆਸੀ ਰਹੇ ਅਤੇ ਨਾ ਹੀ ਪੰਥਕ। ਪੱਗ ਵਾਲੇ ਲੀਡਰਾਂ ਦੀ ਗਿਣਤੀ ਕਰੀਏ ਤਾਂ ਬਾਦਲਕਿਆਂ ਤੋਂ ਜ਼ਿਆਦਾ ਪੱਗਾਂ ਵਾਲੇ ਭਾਜਪਾ ਕੋਲ ਹਨ। ਜੇਕਰ ਸੁਖਬੀਰ ਸਿੰਘ ਬਾਦਲ ਚਾਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਚਿਆ ਰਹੇ ਤਾਂ ਕਿਸੇ ਚੰਗੇ ਪੰਥਕ ਨੂੰ ਅਕਾਲ ਤਖ਼ਤ ਸਾਹਿਬ ਦੀ ਜ਼ਿੰਮੇਵਾਰੀ ਦੇਵੇ ਅਤੇ ਆਪਣੇ ਆਪ ਨੂੰ ਪੰਥ ਹਵਾਲੇ ਕਰਕੇ ਆਪਣੇ ਗੁਨਾਹ ਨੂੰ ਸਿੱਧੇ ਹੋ ਕੇ ਕਬੂਲ ਕਰੇ, ਪ੍ਰਧਾਨਗੀ ਛੱਡੇ, ਨਹੀਂ ਤਾਂ ਡਾਇਨਾਸੋਰ ਵਾਲ ਹਾਲ ਹੋਵੇਗਾ। ਫੈਡਰੇਸ਼ਨ ਦੇ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਵੱਖਰੇ ਪ੍ਰੈਸ ਨੋਟ ’ਚ ਕਿਹਾ ਕਿ 26 ਮਾਰਚ ਨੂੰ ਮੈਂ ਹੋਲੇ ਮਹੱਲੇ ਤੇ ਗੁਰਧਾਮਾਂ ਦੇ ਦਰਸ਼ਨ ਕਰਨ ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਗਿਆ ਸੀ ਪਰ ਓਥੇ ਸਾਰੇ ਲੋਕ ਹੋਲੀ ਖੇਡ ਰਹੇ ਸੀ, ਓਹੀ ਹੋਲੀ ਜਿਹੜੀ ਸਾਡੇ ਹਿੰਦੂ ਭੈਣ ਭਰਾ ਰੰਗ ਇੱਕ ਦੂਸਰੇ ਉਤੇ ਸੁੱਟ ਕੇ ਖੇਡਦੇ ਹਨ। ਮੇਰੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਤੇ ਸਾਨੂੰ ਵੱਖਰਾ ਹੀ ਸਿਸਟਮ ਦਿੱਤਾ ਸੀ ਉਹ ਸਿਸਟਮ ਮੈਨੂੰ ਕਿਤੇ ਨਜ਼ਰ ਨਹੀਂ ਆਇਆ। ਮੈਂ ਸੋਚਿਆ ਚਲੋ ਕਿਸੇ ਵੱਡੀ ਜਥੇਬੰਦੀ ਦੇ ਸਿੰਘ ਕੋਲੋਂ ਜਾਂ ਕਿਸੇ ਮੁਖੀ ਕੋਲੋਂ ਕੋਈ ਜਾਣਕਾਰੀ ਲਵਾਂ ਪਰ ਜਿੰਨਾ ਨੇ ਸਾਨੂੰ ਹੋਲੀ ਅਤੇ ਹੋਲੇ ਮਹੱਲੇ ਵਿੱਚ ਫ਼ਰਕ ਦੱਸਣਾ ਸੀ ਉਹ ਤੇ ਆਪ ਰੰਗਾਂ ਵਿੱਚ ਭਰੇ ਪਏ ਸਨ। ਜੇਕਰ ਕੋਈ ਇਹਨਾਂ ਰੰਗਬਾਜ਼ਾਂ ਨੂੰ ਰੋਕਦਾ ਸੀ ਤਾਂ ਇਹ ਰੰਗਬਾਜ਼ ਰੋਕਣ ਵਾਲੇ ਨੂੰ ਵੀ ਰੰਗ ਨਾਲ ਭਰ ਦਿੰਦੇ ਸੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਾਰਾ ਵਰਤਾਰਾ ਜਥੇਦਾਰ ਗਿਆਨੀ ਰਘਬੀਰ ਸਿੰਘ ਦੀਆਂ ਅੱਖਾਂ ਸਾਹਮਣੇ ਹੋ ਰਿਹਾ ਸੀ ਜਦ ਓਹ ਇੱਕ ਵੱਡੀ ਗੱਡੀ ਤੇ ਅਨੇਕਾਂ ਸਿੰਘਾਂ ਨਾਲ ਸਵਾਰ ਹੋ ਕੇ ਲੰਘ ਰਹੇ ਸੀ। ਜੇਕਰ ਇਹ ਰੰਗਾਂ ਵਾਲਾ ਕੰਮ ਹੀ ਵੇਖਣਾ ਹੈ ਤਾਂ ਉਹ ਤਾਂ ਅੰਮ੍ਰਿਤਸਰ ਸਾਹਿਬ ਦੇ ਗਲੀਂ ਮਹੱਲਿਆਂ ਵਿਚ ਹੀ ਬਹੁਤ ਹੈ। ਇਸ ਵਾਰੀ ਹੋਲੇ ਮਹੱਲੇ ਤੇ ਵਿਦੇਸ਼ ਪੱਤਰਕਾਰਾ ਅਤੇ ਵਿਦੇਸ਼ੀ ਦਰਸ਼ਕਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਇਹ ਵਿਦੇਸ਼ੀ ਲੋਕ ਜਦ ਹੋਲੇ ਮਹੱਲੇ ਦਾ ਇਤਿਹਾਸ ਪੜ ਕੇ ਆਏ ਹੋਣਗੇ ਤੇ ਜ਼ਮੀਨੀ ਪੱਧਰ ਤੇ ਉਲਟਾ ਹੀ ਵੇਖਣ ਨੂੰ ਮਿਲਿਆ ਹੋਵੇਗਾ ਫਿਰ ਉਹ ਸੋਚਣਗੇ ਕਿ ਭਾਰਤੀ ਸਵਿਧਾਨ ਦੀ ਧਾਰਾ 25 ਬੀ ਵਿੱਚ ਠੀਕ ਹੀ ਲਿਖਿਆ ਹੈ!

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਹਜ਼ੂਰ ਸਾਹਿਬ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਅਰ ਪੋਰਟ ਤੇ 31 ਮਾਰਚ 2024 ਨੂੰ ਸਟਾਰ ਏਅਰ ਲਾਈਨਸ ਦੀ ਪਹਿਲੀ ਫਲਾਈਟ ਅਤੇ ਸੰਗਤਾਂ ਦਾ ਵੱਡੇ ਪੱਧਰ ਤੇ ਸੁਵਾਗਤ ਹੋਵੇਗਾ: ਡਾ ਵਿਜੇ ਸਤਬੀਰ ਸਿੰਘ



**ਚੌਕ ਮਹਿਤਾ, 27 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਲਈ ਪਿਛਲੇ ਚਾਰ ਸਾਲਾਂ ਤੋਂ ਹਵਾਈ ਸੇਵਾਵਾ ਬੰਦ ਸੀ ਜਿਸ ਕਰਕੇ ਸੰਗਤਾ ਨੂੰ ਕਾਫੀ ਔਕੜ ਪੇਸ਼ ਆ ਰਹੀ ਸੀ। ਇਸ ਗੱਲ ਨੂੰ ਮੁੱਖ ਰੱਖਦੇ ਹੋਏ ਗੁਰਦੁਆਰਾ ਬੋਰਡ ਦੇ ਮੁੱਖ ਪ੍ਰਸਾਸਕ - ਡਾ. ਵਿਜੇ ਸਤਬੀਰ ਸਿੰਘ ਜੀ ਦੇ ਯਤਨਾਂ ਸਦਕਾ ਭਾਰਤ ਸਰਕਾਰ ਅਤੇ ਏਅਰ ਲਾਈਨ ਕੰਪਨੀਆਂ ਨਾਲ ਸੰਪਰਕ ਕਰਕੇ ਫਲਾਈਟ ਸ਼ੁਰੂ ਕਰਨ ਬਾਰੇ ਬੇਨਤੀ ਕੀਤੀ ਇਨਾ ਦੇ ਇਸ ਯਤਨ ਨੂੰ ਸਫਲਤਾ ਪ੍ਰਾਪਤ ਹੋਈ ਅਤੇ ਸ੍ਰੀ ਹਜ਼ੂਰ ਸਾਹਿਬ ਨਾਦੇੜ ਵਾਸਤੇ “ਸਟਾਰ ਏਅਰ ਲਾਈਨ ਕੰਪਨੀ’ ਵੱਲੋਂ 31 ਮਾਰਚ 2024 ਤੋਂ ਆਦਮਪੁਰ- ਗਾਜਿਆਬਾਦ-ਹਜ਼ੂਰ ਸਾਹਿਬ ਤਕ ਪਹਿਲੀ ਫਲਾਈਟ ਸ਼ੁਰੂ ਹੋ ਰਹੀ ਹੈ।

ਇਹ ਫਲਾਈਟ ਦੁਪਹਿਰ 2 ਵਜੇ ਚਲ ਕੇ ਸ਼ਾਮ 04.15 ਵਜੇ ਸ੍ਰੀ ਹਜ਼ੂਰ ਸਾਹਿਬ ਨਾਦੇੜ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਏਅਰਪੋਰਟ ਪੁੱਜੇਗੀ। ਇਸ ਫਲਾਈਟ ਦਾ ਅਤੇ ਪੁੱਜ ਰਹੀ ਸਮੂਚੀ ਸੰਗਤ ਦਾ ਗੁਰਦੁਆਰਾ ਬੋਰਡ ਦੇ ਮਾਨਯੋਗ ਪ੍ਰਸ਼ਾਸਕ ਡਾ:ਸ੍ਰ.ਵਿਜੇ ਸਤਬੀਰ ਸਿੰਘ ਜੀ ਇਨਾ ਦੇ ਮੁੱਖ ਹਾਜਰੀ ਵਿੱਚ ਵੱਡੇ ਪੱਧਰ ਤੇ ਸੁਵਾਗਤ ਕੀਤਾ ਜਾਵੇਗਾ ਤੇ ਸੰਗਤਾਂ ਨੂੰ ਏ/ਸੀ. ਬਸਾਂ ਰਾਹੀਂ ਤਖਤ ਸਾਹਿਬ ਜੀ ਦੇ ਦਰਸ਼ਨ ਕਰਵਾਏ ਜਾਣਗੇ ਅਤੇ ਉਨਾਂ ਦੇ ਰਿਹਾਇਸ਼, ਲੰਗਰ ਦਾ ਪੂਰਾ ਪ੍ਰਬੰਧ ਕੀਤਾ ਜਾਵੇਗਾ। ਸਮੂੰਹ ਸਾਧ-ਸੰਗਤ ਨੂੰ ਬੇਨਤੀ ਕੀਤੀ ਕਿ, ਇਸ ਸਮੇਂ ਸੰਗਤਾਂ ਹੋ ਕੇ ਸੁਆਗਤ ਲਈ ਏਅਰ ਪੋਰਟ ਅਤੇ ਗੁਰਦੁਆਰਾ ਗੇਟ ਨੰ 2 ਤੇ ਹਾਜ਼ਰ ਰਹਿ ਸਹਿਯੋਗ ਦਿਓ ਜੀ ਇਸ ਮੌਕੇ ਡਾ ਵਿਜੇ ਸਤਬੀਰ ਸਿੰਘ ਜੀ ਨੇ ਸਮੂਹ ਦੇਸ਼-ਵਿਦੇਸ਼ ਦੀ ਸੰਗਤ ਨੂੰ ਵੀ ਅਪੀਲ ਕੀਤੀ ਕਿ, ਸਟਾਰ ਕੰਪਨੀ ਦੇ ਹਵਾਈ ਸੇਵਾਵਾ ਦਾ ਲਾਭ ਲੈ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕਰ ਆਸੀਸਾ ਪ੍ਰਾਪਤ ਕਰੋ ਜੀ

### ਸ਼ਹੀਦ ਭਾਈ ਨਰਿੰਦਰ ਸਿੰਘ ਲਾਟੀ ਦੀ ਯਾਦ 'ਚ ਕਰਵਾਇਆ ਸਮਾਗਮ

# ਸ਼ਹੀਦਾਂ ਦਾ ਨਿਸ਼ਾਨਾ ਕਰਾਂਗੇ ਪੂਰਾ : ਬੀਬੀ ਕੁਲਵਿੰਦਰ ਕੌਰ



**ਅੰਮ੍ਰਿਤਸਰ, 28 ਮਾਰਚ ( ਆਵਾਜ਼ਿ ਕੌਮ ਬਿਊਰੋ)-** ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਦੌਰਾਨ 25 ਮਾਰਚ 1992 ਨੂੰ ਸ਼ਹਾਦਤ ਦਾ ਜਾਮ ਪੀਣ ਵਾਲੇ ਭਾਈ ਨਰਿੰਦਰ ਸਿੰਘ ਲਾਟੀ ਦੀ ਯਾਦ 'ਚ ਜੱਦੀ ਪਿੰਡ ਫਤਾਹਪੁਰ ਧਰਮਸ਼ਾਲਾ ਗੁਰਦੁਆਰਾ ਬਾਬਾ ਮੋਤੀ ਰਾਮ ਸਿੰਘ ਮਹਿਰਾ ਵਿਖੇ ਪਾਠ ਦਾ ਭੋਗ ਪਾਇਆ ਗਿਆ। ਵੱਖ ਵੱਖ ਜਥੇਬੰਦੀਆਂ ਨੇ ਹਾਜ਼ਰੀ ਭਰੀ ਤੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼ਹਾਦਤ ਦੇ ਸੰਬੰਧ ਵਿੱਚ ਕਥਾਵਾਚਕ, ਰਾਗੀ, ਕਵੀਸ਼ਰਾ ਸ਼ਬਦ ਕੀਰਤਨ ਕਰਕੇ ਹਾਜ਼ਰੀ ਲਗਵਾਈ ਤੇ ਸੰਗਤਾਂ ਨੂੰ ਸਿੱਖੀ ਸਰੂਪ ਧਾਰਨ ਕਰਨ, ਸਿੱਖੀ ਰਹੁ ਰੀਤਾਂ ਤੇ ਚੱਲਕੇ ਗੁਰੂ ਸਹਿਬਾਂ ਦੇ ਦੱਸੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਵੱਖ ਵੱਖ ਜਥੇਬੰਦੀਆਂ ਨੇ ਹਾਜ਼ਰੀ ਲਵਾਈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਫਤਾਹਪੁਰ, ਹਲਕਾ ਮਜੀਠਾ ਪ੍ਰਧਾਨ ਕੁਲਵੰਤ ਸਿੰਘ ਕੋਟਲਾ ਗੁੱਜਰਾਂ, ਬੀਬੀ ਕਲਵਿੰਦਰ ਕੌਰ ਤੁਗਲਾਵਾਲਾ (ਸੁਪਤਨੀ ਸ਼ਹੀਦ ਪਰਮਜੀਤ ਸਿੰਘ ਪੰਮਾ), ਬਾਬਾ ਦਿਲਬਾਗ ਸਿੰਘ, ਚੈਅਰਮੈਨ ਸੰਤੋਖ ਸਿੰਘ ਰਾਹੀਂ, ਭੁਪਿੰਦਰ ਸਿੰਘ ਕਾਲਾ, ਗੁਰਮੀਤ ਸਿੰਘ ਕੱਪੜੇ ਵਾਲੇ, ਮਨਪ੍ਰੀਤ ਸਿੰਘ ਗੋਸ਼ਾ, ਰਜਵਿੰਦਰ ਸਿੰਘ ਰਾਜੂ ਲੱਖਵਿੰਦਰ ਸਿੰਘ ਲੱਖਾ, ਤਲਵਿੰਦਰ ਸਿੰਘ ਟੋਨੀ ਤੇ ਹੋਰ ਹਾਜ਼ਰ ਸਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਫਤਾਹਪੁਰ ਨੇ ਕਿਹਾ ਕਿ ਸ਼ਹੀਦ ਭਾਈ ਨਰਿੰਦਰ ਸਿੰਘ ਲਾਟੀ ਜੋ ਪਿੰਡ ਫਤਾਹਪੁਰ ਜ਼ਿਲ੍ਹਾ ਅੰਮ੍ਰਿਤਸਰ ਦੇ ਹੋਏ ਹਨ ਜਿਨ੍ਹਾਂ ਨੂੰ ਉਸ ਵੇਲੇ ਦੀ ਹਕੂਮਤ ਪਿੰਡ ਲੱਖਣਪੁਰ ਮੋਰਿੰਡੇ ਜਬਰ ਦਸਤ ਲੰਮਾ ਚਲਿਆ ਮੁਕਾਬਲੇ ਤੋਂ ਬਾਅਦ ਆਖਰ ਅਸਲਾ ਮੁੱਕ ਗਿਆ ਤਾਂ ਚੜ੍ਹਦੀ ਕਲਾ ਦਾ ਜੈਕਾਰਾ ਲਾ ਕੇ ਸ਼ਹੀਦੀ ਪ੍ਰਾਪਤ ਕਰ ਗਏ ਸਨ। ਬੀਬੀ ਕੁਲਵਿੰਦਰ ਕੌਰ ਨੇ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਉਹਨਾਂ ਦੀਆਂ ਸ਼ਹਾਦਤਾਂ ਅਜਾਈ ਨਹੀਂ ਜਾਣਗੀਆਂ ਅਸੀਂ ਸ਼ਹੀਦਾਂ ਦਾ ਸੁਪਨਾ ਅਵਸ਼ ਪੂਰਾ ਕਰਾਂਗੇ।

### ਡੀ.ਸੀ ਮਾਡਲ ਇੰਟਰਨੈਸ਼ਨਲ ਸਕੂਲ ਫ਼ਿਰੋਜ਼ਪੁਰ ਸ਼ਹਿਰ ਵਿਖੇ

# ਸੁਖਮਣੀ ਸਾਹਿਬ ਜੀ ਦੇ ਭੋਗ ਪਾਏ ਗਏ








**ਫ਼ਿਰੋਜ਼ਪੁਰ, 28 ਮਾਰਚ (ਮਨੋਹਰ ਲਾਲ):—** ਡੀ.ਸੀ ਮਾਡਲ ਇੰਟਰਨੈਸ਼ਨਲ ਸਕੂਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਸੁਖਮਣੀ ਸਾਹਿਬ ਜੀ ਦੇ ਭੋਗ ਪਾਏ ਗਏ, ਭੋਗ ਉਪਰੰਤ ਰਾਗੀ ਜਥਿਆਂ ਵੱਲੋਂ ਸ਼ਬਦ ਕੀਰਤਨ ਕੀਤਾ। ਇਸ ਮੌਕੇ ਤੇ ਡੀ.ਸੀ ਮਾਡਲ ਇੰਟਰਨੈਸ਼ਨਲ ਸਕੂਲ ਦੇ ਸੀ.ਓ ਸ੍ਰੀ ਅਨੁਰਿਧ ਗੁਪਤਾ ਤੋਂ ਇਲਾਵਾ ਵੱਖ—ਵੱਖ ਸਕੂਲ ਡੀ.ਸੀ ਮਾਡਲ ਸਕੂਲ, ਦਾਸ ਐਂਡ ਬਰਾਊਨ ਵਰਲਡ ਸਕੂਲ ਦਾ ਸਟਾਫ ਤੋਂ ਇਲਾਵਾ ਬੱਚੇ, ਮਾਂ ਅਤੇ ਸ਼ਹਿਰ ਦੇ ਪਤਵੰਤੇ ਤੋਂ ਇਲਾਵਾ ਪੱਤਰਕਾਰਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਰਾਗੀ ਜਥਿਆਂ ਨੇ ਸਕੂਲ ਬਾਰੇ ਬੋਲਦਿਆਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੁਖਮਣੀ ਸਾਹਿਬ ਜੀ ਦਾ ਪਾਠ ਸਕੂਲ ਸਟਾਫ ਅਤੇ ਜਿਹੜੇ ਬੱਚੇ ਨਵੀਆਂ ਕਲਾਸਾਂ ਤੋਂ ਬੈਠਣ ਗਏ, ਉਨ੍ਹਾਂ ਲਈ ਵਾਹਿਗੁਰੂ ਜੀ ਅੱਗੇ ਅਰਦਾਸ ਬੇਨਤੀ ਕੀਤੀ ਕਿ ਬੱਚੇ ਚੰਗੇ ਨੰਬਰ ਲੈ ਕੇ ਸਕੂਲ ਟੀਚਰ ਅਤੇ ਆਪਣੇ ਮਾਂ—ਬਾਪ ਦਾ ਨਾਮ ਰੋਸ਼ਨ ਕਰਨ। ਇਸ ਮੌਕੇ ਤੇ ਸ੍ਰੀ ਅਨੁਰਿਧ ਗੁਪਤਾ ਨੇ ਸਮੂਹ ਆਏ ਹੋਏ ਪਤਵੰਤਿਆਂ ਨੂੰ ਜੀ ਆਇਆ ਆਖਿਆ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੇ ਚਾਹ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਪੰਜਾਬ ਛੱਡਣ ਨੂੰ ਕੀਹਦਾ ਦਿਲ ਕਰਦਾ ਹੈ ?





ਦੇਸ ਪੰਜਾਬ ਗੁਰੂਆਂ, ਸੂਰਬੀਰਾਂ ਤੇ ਸ਼ਹੀਦਾਂ ਦੀ ਧਰਤੀ ਹੈ। ਇਸ ਨੂੰ 'ਸਿੱਖ ਹੋਮਲੈਂਡ' ਹੋਣ ਦਾ ਮਾਣ ਪ੍ਰਾਪਤ ਹੈ। ਇਸ ਧਰਤੀ ਦੇ ਚੱਪੇ-ਚੱਪੇ 'ਤੇ ਸਿੱਖ ਸ਼ਹੀਦਾਂ ਦਾ ਲਹੂ ਡੁੱਲ੍ਹਿਆ ਹੈ। ਇਸ ਦੀ ਆਬੋ-ਹਵਾ 'ਚ ਗੁਰੂ ਕੀ ਬਾਣੀ ਘੁਲੀ ਹੋਈ ਹੈ, ਇੱਥੇ ਹੀ ਮਾਣਮੱਤਾ ਸਿੱਖ ਇਤਿਹਾਸ ਸਿਰਜਿਆ ਗਿਆ ਹੈ। ਪੰਜਾਬ ਜਿਹਾ ਹੋਰ ਕੋਈ ਦੇਸ ਨਹੀਂ।

ਪੰਜਾਬ ਛੱਡਣ ਨੂੰ ਕੀਹਦਾ ਦਿਲ ਕਰਦਾ ਹੈ ? ਪਰ ਜੂਨ 1984 'ਚ ਹਿੰਦੁਸਤਾਨ ਦੀ ਹਕੂਮਤ ਨੇ ਦੇਸ ਪੰਜਾਬ ਅਤੇ ਸਿੱਖ ਕੌਮ ਨੂੰ ਅਜਿਹੀ ਮਾਰ ਮਾਰੀ ਕਿ ਪੰਜਾਬ ਦੇ ਅਨੇਕਾਂ ਅਣਖ਼ੀ ਸਿੱਖਾਂ ਨੂੰ ਪ੍ਰਦੇਸਾਂ 'ਚ ਜਾ ਕੇ ਵੱਸਣਾ ਪਿਆ।

1978 ਅਤੇ 1984 ਤੋਂ 1995 ਤੱਕ ਖ਼ਾਲਿਸਤਾਨ ਦੇ ਚੱਲੇ ਹਥਿਆਰਬੰਦ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੇ ਜੂਝ ਕੇ ਸ਼ਹਾਦਤਾਂ ਦੇ ਜਾਮ ਪੀਤੇ, ਬੇਅੰਤ ਪਰਿਵਾਰਾਂ ਨੇ ਸਰਕਾਰ ਦਾ ਜ਼ੁਲਮ-ਤਸ਼ੱਦਦ ਆਪਣੇ ਪਿੰਡੇ 'ਤੇ ਝੱਲਿਆ, ਕਈਆਂ ਨੇ ਲੰਮੀਆਂ ਜੇਲ੍ਹਾਂ ਕੱਟੀਆਂ, ਕਈ ਜਲਾਵਤਨੀ ਹੋ ਗਏ, ਹਕੂਮਤੀ ਜ਼ੁਲਮ ਤੋਂ ਤੰਗ ਆ ਕੇ ਕਈ ਸਿੰਘਾਂ ਨੂੰ ਪੰਜਾਬ ਛੱਡ ਕੇ ਵਿਦੇਸ਼ਾਂ 'ਚ ਸ਼ਰਨ ਲੈਣੀ ਪਈ।

ਅਠਾਰ੍ਹਵੀਂ ਸਦੀ ਦਾ ਇਤਿਹਾਸ ਪੜ੍ਹ-ਸੁਣ ਕੇ ਪਤਾ ਲੱਗਦਾ ਹੈ ਕਿ ਜਦੋਂ ਮੁਗਲ ਹਕੂਮਤ ਦਾ ਜ਼ੁਲਮ ਸਿਖ਼ਰਾਂ 'ਤੇ ਸੀ, ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਸਿੱਖਾਂ ਨੂੰ ਚਰਖੜ੍ਹੀਆਂ 'ਤੇ ਚਾੜ੍ਹਿਆ ਜਾ ਰਿਹਾ ਸੀ, ਘੋਰ ਤਸੀਹੇ ਦੇ ਕੇ ਮਾਰਿਆ ਜਾ ਰਿਹਾ ਸੀ ਤਾਂ ਉਸ ਸਮੇਂ ਜਿੱਥੇ ਸਿੱਖਾਂ ਨੇ ਸਿੱਖੀ ਸਿਦਕ ਦੀ ਅਦੁੱਤੀ ਮਿਸਾਲ ਪੈਦਾ ਕੀਤੀ, ਜ਼ਾਲਮ ਜਰਵਾਣਿਆਂ ਨੂੰ ਲੋਹੇ ਦੇ ਚਣੇ ਚਬਾਏ ਤੇ ਸ਼ਾਨਾਮੱਤਾ ਇਤਿਹਾਸ ਸਿਰਜਿਆ ਤਾਂ ਓਦੋਂ ਹੀ ਸੰਘਰਸ਼ ਦੀ ਇੱਕ ਨੀਤੀ ਤਹਿਤ ਸਿੱਖ ਜੰਗਲਾਂ-ਪਹਾੜਾਂ ਵੱਲ ਵੀ ਨਿਕਲ ਜਾਂਦੇ ਸਨ ਤੇ ਠੀਕ ਸਮਾਂ ਆਉਣ 'ਤੇ ਫਿਰ ਨਿੱਤਰਦੇ ਸਨ।

ਇਸੇ ਤਰ੍ਹਾਂ ਜਦੋਂ ਹਿੰਦ ਸਰਕਾਰ ਨੇ ਵੀ ਅੱਤ ਚੁੱਕ ਲਈ, ਜੂਨ 1984 'ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਟੈਂਕਾਂ-ਤੋਪਾਂ ਨਾਲ਼ ਫ਼ੌਜੀ ਹਮਲਾ ਕਰ ਦਿੱਤਾ, ਨਵੰਬਰ 1984 'ਚ ਸਿੱਖਾਂ ਦੇ ਗਲਾਂ 'ਚ ਬਲ਼ਦੇ ਟਾਇਰ ਪਾਏ ਗਏ, ਬੀਬੀਆਂ ਦੀ ਪੱਤ ਰੋਲੀ ਗਈ, ਸਿੱਖਾਂ ਨੂੰ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰਿਆ ਜਾਣ ਲੱਗਾ ਤਾਂ ਜਿੱਥੇ ਸਿੱਖ ਕੌਮ ਦੇ ਜੁਝਾਰੂ-ਸੂਰਮਿਆਂ ਨੇ ਇੱਕ ਦਹਾਕਾ ਹਕੂਮਤ ਨੂੰ ਵਖ਼ਤ ਪਾਈ ਰੱਖਿਆ, ਦਿੱਲੀ ਦਰਬਾਰ ਦੇ ਕਿੰਗਰੇ ਹਿਲ਼ਾ ਕੇ ਰੱਖ ਦਿੱਤੇ, ਪੰਜਾਬ ਦਾ ਮੈਦਾਨੀ ਇਲਾਕਾ ਹੋਣ ਦੇ ਬਾਵਜੂਦ ਵੀ ਲੰਮੀ ਜੰਗ ਲੜੀ ਤੇ ਇੱਕ ਨਵੇਂ ਇਤਿਹਾਸ ਨੂੰ ਜਨਮ ਦਿੱਤਾ। ਤੇ ਉਹਨਾਂ ਸਮਿਆਂ ਦੌਰਾਨ ਹੀ ਕਾਫ਼ੀ ਸਿੱਖਾਂ ਨੂੰ ਆਪਣਾ ਘਰ-ਪਰਿਵਾਰ ਅਤੇ ਦੇਸ ਪੰਜਾਬ ਤਿਆਗਣਾ ਵੀ ਪਿਆ।

ਉਹਨਾਂ ਜੁਝਾਰੂ ਅਤੇ ਅਣਖ਼ੀਲੇ ਸਿੱਖਾਂ ਨੇ ਡਰ ਕੇ ਪੰਜਾਬ ਨਹੀਂ ਛੱਡਿਆ, ਉਹ ਝੁਕੇ-ਲਿਫ਼ੇ ਨਹੀਂ ਸਨ। ਉਹਨਾਂ ਨੇ ਆਪਣੀ ਤਾਕਤ ਅਤੇ ਸਮਰੱਥਾ ਤੋਂ ਵੱਧ ਕੇ ਸਰਕਾਰ ਨਾਲ਼ ਟੱਕਰ ਲਈ। ਤਾਂ ਹੀ ਉਹਨਾਂ ਸਿੰਘਾਂ ਦੇ ਖ਼ੌਫ਼ ਤੋਂ ਹਿੰਦ ਸਰਕਾਰ ਅੱਜ ਵੀ ਥਰ-ਥਰ ਕੰਬਦੀ ਹੈ। ਵਿਦੇਸ਼ਾਂ ਵਿੱਚ ਜਾ ਕੇ ਵੀ ਉਹ ਸਿੱਖ ਚੈਨ ਨਾਲ਼ ਨਹੀਂ ਬੈਠੇ, ਉਹਨਾਂ ਨੇ ਆਪਣੇ ਪੰਥ ਅਤੇ ਪੰਜਾਬ ਨੂੰ ਵਿਸਾਰਿਆ ਨਹੀਂ, ਉਹਨਾਂ ਨੇ ਖ਼ਾਲਿਸਤਾਨ ਦੇ ਸੰਘਰਸ਼ ਤੋਂ ਮੂੰਹ ਨਹੀਂ ਮੋੜਿਆ, ਉਹ ਓਥੇ ਰਹਿ ਕੇ ਜੋ ਕਰ ਸਕਦੇ ਸਨ ਉਹਨਾਂ ਕੀਤਾ। ਅਜਿਹੇ ਸਿੱਖਾਂ ਤੋਂ ਵਾਰੇ-ਵਾਰੇ ਜਾਣ ਨੂੰ ਦਿਲ ਕਰਦਾ ਹੈ।

ਬਥੇਰੇ ਲੋਕ ਅਜਿਹੇ ਵੀ ਹਨ ਜੋ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਧਰਮ, ਬੋਲੀ, ਸੱਭਿਆਚਾਰ, ਪਹਿਰਾਵੇ ਅਤੇ ਮਿੱਟੀ ਤੋਂ ਦੂਰ ਹੋ ਜਾਂਦੇ ਹਨ ਪਰ ਧੰਨ ਹਨ ਉਹ ਸਿੰਘ-ਸੂਰਮੇ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੇ ਸਿੱਖ ਧਰਮ ਨੂੰ ਪ੍ਰਫੁੱਲਤ ਕੀਤਾ, ਖ਼ਾਲਿਸਤਾਨ ਦੇ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾਇਆ, ਸ਼ਹੀਦਾਂ ਦੀ ਬਾਤ ਪਾਈ, ਮਨੁੱਖੀ ਹੱਕਾਂ ਲਈ ਜ਼ੋਰਦਾਰ ਆਵਾਜ਼ ਉਠਾਈ, ਸਰਬੱਤ ਦੇ ਭਲੇ ਦੇ ਉਪਦੇਸ਼ ਨੂੰ ਕਮਾਇਆ। ਜਿਸ ਤੋਂ ਪ੍ਰਭਾਵਿਤ ਹੋ ਕੇ ਸੰਸਾਰ ਭਰ ਦੇ ਲੋਕ ਕਹਿਣ ਲਗ ਪਏ ਹਨ ਕਿ ਸਿੱਖ ਮਹਾਨ ਹਨ, ਸਿੱਖ ਇਮਾਨਦਾਰ ਹਨ, ਸਿੱਖਾਂ ਨਾਲ਼ ਭਾਰਤ 'ਚ ਅਨਿਆਂ ਹੋ ਰਿਹਾ ਹੈ, ਸਿੱਖ ਗ਼ੁਲਾਮ ਹਨ, ਸਿੱਖ ਬਾਗ਼ੀ ਹਨ, ਸਿੱਖਾਂ ਦਾ ਖ਼ਾਲਿਸਤਾਨ ਲਈ ਸੰਘਰਸ਼ ਜਾਇਜ਼ ਹੈ, ਅਜ਼ਾਦੀ ਦੀ ਗੱਲ ਕਰਨਾ ਸਿੱਖਾਂ ਦਾ ਹੱਕ ਹੈ।

ਪੰਥ ਅਤੇ ਪੰਜਾਬ ਦਾ ਜਦੋਂ ਵੀ ਕੋਈ ਸੰਘਰਸ਼ ਚੱਲਦਾ ਹੈ, ਮੋਰਚਾ ਲੱਗਦਾ ਹੈ, ਮੁੱਦਾ ਭਖ਼ਦਾ ਹੈ ਤਾਂ ਵਿਦੇਸ਼ਾਂ 'ਚ ਵੱਸਦੇ ਸਿੱਖ ਹਰ ਪੱਖ ਤੋਂ ਸ਼ਾਨਦਾਰ ਰੋਲ ਅਦਾ ਕਰਦੇ ਹਨ। ਵਿਦੇਸ਼ਾਂ ਦੇ ਸਿੱਖਾਂ ਨੇ ਕਦੇ ਵੀ ਪੰਥ ਅਤੇ ਪੰਜਾਬ ਨੂੰ ਇਕੱਲਾ ਨਹੀਂ ਛੱਡਿਆ। ਉਹ ਵੀ ਜਾਣਦੇ ਹਨ ਕਿ ਸਾਡੀ ਵੀ ਸ਼ਾਨ ਪੰਥ ਅਤੇ ਪੰਜਾਬ ਕਰਕੇ ਹੈ ਤੇ ਪੰਜਾਬ ਜਿਉਂਦਾ ਰਹੇਗਾ ਤਾਂ ਸਾਡਾ ਵੀ ਮਾਣ ਬਰਕਰਾਰ ਰਹੇਗਾ। ਇਸ ਲਈ ਪੰਥ ਅਤੇ ਪੰਜਾਬ ਦੀ ਹੋਂਦ ਨਾਲ ਹੀ ਸਾਡੀ ਸਭ ਦੀ ਹੋਂਦ ਹੈ। ਸਰਕਾਰਾਂ ਪੰਥ ਅਤੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀਆਂ ਨੇ, ਸਿੱਖਾਂ ਨੂੰ ਪੰਜਾਬ ਬਚਾਉਣਾ ਪਏਗਾ, ਸਾਨੂੰ ਸੰਘਰਸ਼ ਲੜਨਾ ਪਏਗਾ। ਪੰਜਾਬ ਲਈ ਹਰੇਕ ਸਿੱਖ ਅਤੇ ਪੰਜਾਬੀ ਨੂੰ ਚਿੰਤਤ ਅਤੇ ਸੰਘਰਸ਼ਸ਼ੀਲ ਹੋਣ ਦੀ ਲੋੜ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਇੱਕ ਦਿਨ ਖ਼ਾਲਿਸਤਾਨ ਬਣੇਗਾ।

ਮੈਂ ਸਮਝਦਾ ਹਾਂ ਕਿ ਵਿਦੇਸ਼ ਜਾਣਾ ਕੋਈ ਮਾੜੀ ਗੱਲ ਨਹੀਂ। ਪਰ ਆਪਣੇ ਪੰਥ ਅਤੇ ਪੰਜਾਬ ਨੂੰ ਭੁੱਲ ਜਾਣਾ ਤਾਂ ਤਬਾਹੀ ਹੈ। ਵਿਦੇਸ਼ ਜਾਣਾ, ਘੁੰਮਣਾ-ਫਿਰਨਾ, ਕਾਰੋਬਾਰ ਵਧਾਉਣਾ ਅਤੇ ਆਰਥਿਕ ਤੌਰ 'ਤੇ ਮਜਬੂਤ ਹੋਣਾ ਤੇ ਫਿਰ ਕੁਝ ਸਾਲਾਂ ਬਾਅਦ ਵਾਪਸ ਮੁੜ ਆਉਣ ਵਿੱਚ ਤਾਂ ਸਾਡੀ ਭਲਾਈ ਹੈ। ਅਸੀਂ ਆਪਣੇ ਮੂਲ ਅਤੇ ਜੜ੍ਹਾਂ ਤੋਂ ਨਾ ਟੁੱਟੀਏ। ਵਿਦੇਸ਼ ਜਾਣ ਦੀ ਦੌੜ ਵਿੱਚ ਕਈ ਨੌਜਵਾਨ ਬੇਵਜ੍ਹਾ ਪੰਜਾਬ ਨੂੰ ਨਿੰਦ-ਭੰਡ ਰਹੇ ਹਨ, ਜਦ ਕਿ ਪੰਜਾਬ ਦਾਤਾ ਹੈ, ਪੰਜਾਬ 'ਚ ਬਹੁਤ ਕੁਝ ਕਰਨ ਵਾਲ਼ਾ ਹੈ, ਇਹ ਸਾਡੇ ਪੁਰਖ਼ਿਆਂ ਦੀ ਧਰਤੀ ਹੈ, ਸਾਨੂੰ ਚਾਹੀਦਾ ਹੈ ਕਿ ਪੰਜਾਬ 'ਚ ਰਹਿ ਕੇ ਆਪਣੇ ਕਾਰੋਬਾਰ ਚਲਾਉਣ ਦੀ ਕੋਸ਼ਿਸ਼ ਕਰੀਏ।

ਹਿੰਦ ਹਕੂਮਤ ਸਾਨੂੰ ਸਿੱਖੀ ਤੋਂ ਬਾਗ਼ੀ ਕਰਨਾ ਚਾਹੁੰਦੀ ਹੈ, ਸਾਨੂੰ ਪੰਜਾਬ ਦੀ ਧਰਤੀ ਤੋਂ ਦੂਰ ਕਰਨਾ ਚਾਹੁੰਦੀ ਹੈ, ਇਹ ਪੰਜਾਬ ਸਾਡਾ ਹੈ, ਅਸੀਂ ਸੰਘਰਸ਼ ਕੀਤੇ ਹਨ, ਖ਼ੂਨ ਡੋਲ੍ਹਿਆ ਹੈ, ਹੁਣ ਇਸ ਨੂੰ ਗ਼ੈਰਾਂ ਦੇ ਹੱਥ ਕਿਉਂ ਦਿੰਦੇ ਜਾ ਰਹੇ ਹਾਂ। ਸਿੱਖੋ ! ਹਕੂਮਤੀ ਜਾਲ 'ਚ ਨਾ ਫਸੋ, ਪੰਜਾਬ ਵਿਰੋਧੀ ਬਿਰਤਾਂਤ ਨੂੰ ਤੋੜਨ ਦੀ ਲੋੜ ਹੈ। ਪੰਜਾਬ ਲਈ ਜੂਝਣ ਵਾਲੇ ਅਤੇ ਆਵਾਜ਼ ਬੁਲੰਦ ਕਰਨ ਵਾਲੇ ਸਭਨਾਂ ਵੀਰਾਂ-ਭੈਣਾਂ ਦਾ ਧੰਨਵਾਦ ਹੈ। ਇਹ ਓਹੀ ਪੰਜਾਬ ਹੈ ਜਦ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਸਥਾਪਿਤ ਕੀਤਾ ਸੀ ਤਾਂ ਗੋਰੇ ਵੀ ਇੱਥੇ ਨੌਕਰੀਆਂ ਕਰਨ ਆਉਂਦੇ ਸਨ, ਪੰਜਾਬ ਐਨਾ ਅਮੀਰ ਤੇ ਖ਼ੁਸ਼ਹਾਲ ਸੀ। ਦੇਸ ਪੰਜਾਬ ਜ਼ਿੰਦਾਬਾਦ !

**-ਰਣਜੀਤ ਸਿੰਘ ਦਮਦਮੀ ਟਕਸਾਲ**
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ), ਮੋ : 88722-93883

ਖਾਲਸਾਈ ਜਾਹੋਜਲਾਲ ਦੇ ਪ੍ਰਤੀਕ ਹੋਲੇ ਮੁਹੱਲੇ ਨੂੰ ਸਮਰਪਿਤ ਕਰਵਾਏ ਗਏ

# ਅੰਮ੍ਰਿਤ ਸੰਚਾਰ 'ਚ 69 ਪ੍ਰਾਣੀ ਗੁਰੂ ਵਾਲੇ ਬਣੇ : ਭਾਈ ਹਰਦੇਵ ਸਿੰਘ



**ਜੰਡਿਆਲਾ ਗੁਰੂ, 28 ਮਾਰਚ ( ਕੁਲਵੰਤ ਸਿੰਘ ਵਿਰਦੀ )**-ਅੱਜ ਸ਼ਹੀਦ ਬਾਬਾ ਸੁਧਾ ਸਿੰਘ ਜੀ ਗੁਰਮਤਿ ਅਕੈਡਮੀ ਦਕੋਹਾ ਦੇ ਸੰਚਾਲਕ ਭਾਈ ਹਰਦੇਵ ਸਿੰਘ ਜੀ ਨੇ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਪੰਜਾਬ ਦੇ ਪਿੰਡ ਪਿੰਡ ਵਿੱਚ ਨੌਜਵਾਨ ਬੱਚਿਆਂ ਬੱਚੀਆਂ ਨੂੰ ਗੁਰਮਤਿ ਦੀਆਂ ਕਲਾਸਾਂ ਵਿੱਚ ਭਾਗ ਲੈ ਕਿ ਗੁਰ ਇਤਿਹਾਸ ਤੋਂ ਜਾਣੂੰ ਹੋਣਾ ਚਾਹੀਦਾ ਹੈ ਤੇ ਗੁਰਮਤਿ ਦੇ ਧਾਰਨੀ ਹੋਣਾ ਚਾਹੀਦਾ ਹੈ ਅਤੇ ਗੁਰੂ ਵਾਲੇ ਬਣ ਕਿ ਸਰਬੰਸਦਾਨੀ ਸਾਹਿਬ ਏ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਮੰਨ ਕੇ ਸਾਨੂੰ ਬਾਣੀ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ ਅੱਗੇ ਉਨ੍ਹਾ ਕਿਹਾ ਕਿ ਬੀਤੇ ਦਿਨ ਗੁਰਦੁਆਰਾ ਪਾਤਸ਼ਾਹੀ ਛੇਵੀਂ ਪਿੰਡ ਉਧਨਵਾਲ ਹਲਕਾ ਸ੍ਰੀ ਹਰਗੋਬਿੰਦਪੁਰ ਗੁਰਦਾਸਪੁਰ ਵਿਖੇ ਜਥੇਦਾਰ ਸੁਰਜੀਤ ਸਿੰਘ ਤੁਗਲਵਾਲ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਉਪਰਾਲੇ ਸਦਕਾ ਖਾਲਸਾਈ ਜਾਹੋਜਲਾਲ ਦੇ ਪ੍ਰਤੀਕ ਹੋਲੇ ਮੁਹੱਲੇ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਇਆ ਗਿਆ ਜਿਸ ਵਿੱਚ ਪੰਜ ਪਿਆਰੇ ਸਾਹਿਬਾਨਾਂ ਵੱਲੋਂ ਅੰਮ੍ਰਿਤ ਬਾਟਾ ਤਿਆਰ ਕੀਤਾ ਗਿਆ ਅਤੇ ਇਸ ਅੰਮ੍ਰਿਤ ਬਾਟੇ ਨੂੰ 69, ਪ੍ਰਾਣੀਆਂ ਨੇ ਛਕ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਚਲਾਈ ਗਈ ਗੁਰ ਮਰਿਆਦਾ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਕਿ ਜਹਾਜੇ ਚੜ੍ਹ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਇਸ ਮੌਕੇ ਵਿਸ਼ੇਸ਼ ਤੌਰ ਤੇ ਪੰਜਾਂ ਪਿਆਰੇ ਸਾਹਿਬਾਨਾਂ ਤੋਂ ਇਲਾਵਾ ਪ੍ਰਚਾਰਕ ਭਾਈ ਲਵਲਪ੍ਰੀਤ ਸਿੰਘ ਖੁਜਾਲਾ, ਭਾਈ ਗੁਰਭੇਜ ਸਿੰਘ, ਭਾਈ ਕੁਲਵੰਤ ਸਿੰਘ, ਕਵੀਸ਼ਰੀ ਦਾ ਭਾਈ ਸਤਨਾਮ ਸਿੰਘ ਦਰਦੀ, ਭਾਈ ਅਜੀਤ ਸਿੰਘ ਰਜਾਦਾ, ਭਾਈ ਯਾਦਵਿੰਦਰ ਸਿੰਘ ਧੰਜਲ ਆਦਿ ਹਾਜ਼ਰ ਸਨ।

# ਹੌਲੀ, ਹੌਲਿਕਾ, ਹੋਲਾ ਮੁਹੱਲਾ ਸਬੰਧੀ ਸਕੂਲਾਂ ਵਿਚ ਜਾਗਰੂਕਤਾ ਕੈਂਪ—ਪੀ.ਸੀ ਕੁਮਾਰ




ਫ਼ਿਰੋਜ਼ਪੁਰ, 28 ਮਾਰਚ (ਮਨੋਹਰ ਲਾਲ):— ਹੌਲੀ ਦਿਵਸ ਇਕ ਜਿਥੇ ਪਵਿੱਤਰਤਾ ਦਾ ਤਿਉਹਾਰ ਹੈ, ਉਥੇ ਭਰਾਤਰੀ ਭਾਵ ਸਾਂਝੀਵਾਲਤਾ ਵਿਛੜਿਆ ਨੂੰ ਮੇਲਣ, ਪ੍ਰਭੂ ਭਗਤੀ ਦਾ ਪ੍ਰਤੀਕ ਸਾਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਦਾ ਹੈ, ਜਿਸ ਦਾ ਸਬੂਤ ਸਾਨੂੰ ਮਹਾਂ ਪ੍ਰਭੂ ਸਿਵ ਤੇ ਮਾਂ ਪਾਰਬਤੀ ਦੇ ਜੀਵਨ ਤੋਂ ਇਕ ਚੰਗੇ ਪਰਿਵਾਰ ਵਿਚ ਪਤੀ—ਪਤਨੀ, ਮਾਂ—ਪਿਤਾ, ਜੋ ਬੱਚਿਆਂ ਵਿਚ ਚੰਗੇ ਵਿਚਾਰ ਸੰਸਕਾਰ ਹੋਣ ਗੁਰੂ ਪ੍ਰਭੂ ਭਗਤੀ ਦੇ ਨਾਲ ਮਾਤਾ—ਪਿਤਾ ਦੇ ਹੋਣਹਾਰ ਆਗਿਆਕਾਰ ਬੱਚੇ ਬਨਣ ਵਿਚ ਇਕ ਉਦਾਹਰਣ ਪੇਸ਼ ਕੀਤੀ, ਜੋ ਬੱਚਾ ਜਦੋਂ ਤੱਕ ਮਾਤਾ—ਪਿਤਾ ਭਗਤ ਨਹੀਂ ਬਨਦਾ, ਉਨ੍ਹਾਂ ਚਿਰ ਪ੍ਰਭੂ ਭਗਤ ਨਹੀਂ ਬਣ ਸਕਦਾ, ਨਾਲ ਹੀ ਮਾਂ ਬਾਪ ਦਾ ਜੀਵਨ ਉਨ੍ਹਾਂ ਲਈ ਇਕ ਸਭ ਤੋਂ ਵੱਡੀ ਕਿਤਾਬ ਹੈ, ਮਾਂ ਪਰ ਧੀ, ਪਿਤਾ ਪਰ ਘੋੜਾ ਬਹੁਤਾ ਨਹੀਂ ਤਾਂ ਥੋੜ੍ਹਾ—ਥੋੜ੍ਹਾ। ਸ੍ਰੀ ਕੁਮਾਰ ਨੇ ਕਿਹਾ ਕਿ ਹੋਲਾ ਮੁਹਲਾ ਵੀ ਹਰ ਸਾਲ ਸਾਨੂੰ ਆਪਣੇ ਗੁਰੂਆਂ ਦੀ ਵਰਾਸਤ ਨਾਲ ਜੋੜਦਾ ਹੈ, ਇਸ ਦੇ ਨਾਲ ਹੋਲੀ ਦਾ ਸਬੰਧ ਭਗਤ ਪ੍ਰਲਾਦ ਜੋ ਕਿ ਪ੍ਰਭੂ ਦਾ ਸੱਚਾ—ਸੁੱਚਾ ਭਗਤ ਬਨ ਆਪਣੇ ਪਿਤਾ ਦੇ ਪ੍ਰਭੂ ਨੂੰ ਮਨਣ ਦੀ ਥਾਂ ਜੋ ਕਹਿੰਦਾ ਸੀ ਜੱਲ ਮੇ ਭੀ ਹਰਨਾਨਮ ਥਲ ਮੇ ਭੀ ਹਰਨਾਕਸ ਹੈਭੀ ਹਰਨਾਕਸ ਹੋਗਾ ਭੀ ਹਰਨਾਕਸ ਨੂੰ ਨਾ ਮੰਨਦੇ ਪ੍ਰਭੂ ਨੂੰ ਸਰਵ ਕਲਾ ਸਮਰਥ ਸਭ ਅਨੇਕਾਂ ਤਸੀਹੇ ਪਹਾੜਾ ਤੋਂ ਗਿਰਾਨਾ ਭੂਆ ਹੋਲਿਕਾ ਜੋ ਅੰਗਾਣੀ ਦਾ ਵਰ ਪ੍ਰਾਪਤ ਸਦਕਾ ਕੂੜ, ਕੁਛੜ ਲੈਚਿਆ ਵਿਚ ਪ੍ਰਲਾਦ ਨੂੰ ਜਲਾਣ ਲਈ ਬੈਠੀ ਜਿਥੇ ਪ੍ਰਭੂ ਪਹਾੜਾ ਤੋਂ ਰਿਗਉਣ ਅੰਗਣੀ ਵਿਚ ਜਲਣ ਤੋਂ ਖੁਦਾ ਬਚਾ ਸਾਬਤ ਕਰ ਦਿੱਤਾ, ਪ੍ਰਭੂ ਹਮੇਸ਼ਾ ਭਗਤਾਂ ਦੀ ਰਾਖੀ ਕੀਤੀ ਕਰ ਰਿਹਾ ਤੇ ਕਰਦਾ ਰਹੇਗਾ, ਅੱਜ ਵੀ ਅਸੰ ਆਪਣੇ ਮਾਤਾ—ਪਿਤਾ ਪ੍ਰਭੂ ਨੂੰ ਸਚੀ ਸ਼ਰਧਾਂ ਵਿਸਵਾਸ਼ ਨਾਲ ਪੂਜਦੇ ਹਾਂ ਤਾਂ ਅੱਜ ਵੀ ਅਨੇਕਾਂ ਉਦਾਹਰਣਾਂ ਇਸ ਕਲਯੁੱਗ ਵਿਚ ਮਿਸਾਲਾਂ ਹਨ, ਜਿਥੇ ਅਸੀਂ ਆਪਣੀ ਧਾਰਮਿਕਤਾ ਵਿਚ ਯਕੀਨ ਰੱਖਦੇ ਹਾਂ, ਪੂਜਾ ਪਾਠ ਪਵਿੱਤਰਤਾ ਤੇ ਆਪਸੀ ਸਾਂਝ ਹੋਰ ਪੱਕੀ ਕਰਨ ਵਿਚ ਜਿਵੇਂ ਡੁਬਦੇ ਨੂੰ ਤਿਣਕੇ ਦਾ ਸਹਾਰਾ, ਉਸੇ ਤਰ੍ਹਾਂ ਅੱਜ ਕਲਯੁੱਗ ਵਿਚ ਤਿਉਹਾਰ ਸਾਨੂੰ ਪਿਆਰ, ਸਾਂਝੀਵਾਲਤਾ ਦਾ ਉਪਦੇਸ਼ੀ ਦਿੰਦੇ ਸਨ।

# ਬੀਜੇਪੀ ਵੱਲੋਂ ਪੰਜਾਬ ਚ ਇਕੱਲਿਆਂ ਲੋਕ ਸਭਾ ਚੋਣਾਂ ਲੜਨ ਦਾ ਫੈਸਲਾ ਸ਼ਲਾਘਾਯੋਗ ਹੈ : ਜਗਦੇਵ ਜਿੰਦਲ ਜੱਗਾ



ਧੂਰੀ ( ਰਣਜੀਤ ਸਿੰਘ ਪੇਧਨੀ ) ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਸੁਨੀਲ ਕੁਮਾਰ ਜਾਖੜ ਦੁਆਰਾ ਭਾਜਪਾ ਦੇ ਲੋਕ ਸਭਾ 2024 ਦੀਆਂ ਚੋਣਾਂ ਵਿੱਚ ਇਕੱਲਿਆਂ ਚੋਣ ਲੜਦੇ ਫੈਸਲੇ ਦਾ ਸਵਾਗਤ ਕਰਦਿਆਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸਟੇਟ ਕਮੇਟੀ ਮੈਂਬਰ ਜਗਦੇਵ ਜਿੰਦਲ ਜੱਗਾ ਸਾਬਕਾ ਮੀਤ ਪ੍ਰਧਾਨ ਨਗਰ ਕੌਂਸਲ ਧੂਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਦੇਸ਼ ਲਈ ਹਰ ਵਰਗ ਦੇ ਲੋਕਾਂ ਦਾ ਵਿਕਾਸ ਕੀਤਾ ਹੈ । ਭਾਜਪਾ ਸਰਕਾਰ ਦੁਆਰਾ ਔਰਤਾਂ ਦੀਆਂ ਸਮੱਸਿਆਵਾਂ ਨੂੰ ਦੇਖਦਿਆਂ ਹੋਇਆ ਉਜਵਲ ਸਕੀਮ ਯੋਜਨਾ ਤਹਿਤ ਕਰੋੜਾਂ ਔਰਤਾਂ ਨੂੰ ਮੁਫਤ ਗੈਸ ਸਲੰਡਰ ਉਪਲਬਧ ਕਰਵਾਏ, ਔਰਤਾਂ ਦੇ ਮਾਣ ਸਨਮਾਨ ਲਈ ਕਰੋੜਾ ਪਖਾਨਿਆਂ ਦਾ ਨਿਰਮਾਣ ਕਰਵਾਇਆ, ਗਰੀਬ ਅਤੇ ਪਿਛੜੇ ਵਰਗ ਦੇ ਲੋਕਾਂ ਨੂੰ ਘਰ ਬਣਾਉਣ ਦੇ ਲਈ ਵਿੱਤੀ ਸਹਾਇਤਾ ਉਪਲਬਧ ਕਰਵਾਈ ਗਈ। ਮਜ਼ਦੂਰ ਵਰਗ ਦੇ ਲਈ ਲਾਭਕਾਰੀ ਕਾਂਡ, ਗਰੀਬ ਪਰਿਵਾਰਾਂ ਨੂੰ ਇਲਾਜ ਕਰਵਾਉਣ ਲਈ ਆਯੂਸਮਾਨ ਕਾਰਡ,ਈਸਰਮ ਕਾਰਡ ਬਣਵਾਏ ਅਤੇ ਵੱਧ ਵਰਗ ਦੇ ਲੋਕਾਂ ਨੂੰ ਉੱਪਰ ਚੁੱਕਿਆ ਗਿਆ। ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਦਿਨ ਪ੍ਰਤੀ ਦਿਨ ਮਜਬੂਤ ਹੁੰਦੀ ਜਾ ਰਹੀ ਹੈ। ਉਹਨਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਵਾਰ ਪੰਜਾਬ ਦੇ ਵਾਸੀ , ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਵੱਡਾ ਫਤਵਾ ਦੇ ਕੇ ਪੰਜਾਬ ਦੀਆਂ 13 ਦੀਆਂ 13 ਸੀਟਾਂ ਦੀ ਜਿੱਤ ਪ੍ਰਾਪਤ ਕਰਨਗੇ।

# ਡਿਪਟੀ ਮਾਸ ਮੀਡੀਆ ਅਫਸਰ ਸੁਖਵਿੰਦਰ ਕੌਰ ਹੋਏ ਸੇਵਾ-ਮੁਕਤ



**ਚੌਕ ਮਹਿਤਾ 28 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਿਹਤ ਵਿਭਾਗ ਵਿਚ ਲਗਭਗ 40 ਸਾਲਾਂ ਦੀ ਸੇਵਾ ਨਿਭਾਓਣ ਉਪਰੰਤ ਸ੍ਰੀਮਤੀ ਸੁਖਵਿੰਦਰ ਕੌਰ ਨੂੰ ਸਮੂਹ ਮਾਸ ਮੀਡੀਆ ਵਿੰਗ ਵਲੋਂ ਨਿੱਘੀ ਵਿਦਾਇਗੀ ਪਾਰਟੀ ਦੇ ਕੇ ਸੇਵਾ ਮੁਕਤ ਕੀਤਾ ਗਿਆ। ਇਸ ਅਵਸਰ ਤੇ ਸੰਬੋਧਨ ਕਰਦਿਆਂ ਜਿਲ੍ਹਾ ਮਾਸ ਮੀਡੀਆ ਅਫਸਰ ਰਾਜ ਕੌਰ ਨੇ ਕਿਹਾ ਕਿ ਸ੍ਰੀਮਤੀ ਸੁਖਵਿੰਦਰ ਕੌਰ ਨੇ ਸਿਹਤ ਵਿਭਾਗ ਵਿਚ ਬਾਖੂਬੀ ਸੇਵਾਂਵਾ ਨਿਭਾਈਆਂ ਹਨ। ਉਹਨਾਂ ਵਲੋਂ ਸ੍ਰੀਮਤੀ ਸੁਖਵਿੰਦਰ ਕੌਰ ਨੂੰ ਸ਼ੁਭ ਇਛਾਵਾਂ ਦਿੱਤੀਆਂ ਗਈਆਂ ਇਸ ਮੌਕੇ ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ ਨੇ ਕਿਹਾ ਕਿ ਸ੍ਰੀਮਤੀ ਸੁਖਵਿੰਦਰ ਕੌਰ ਵਲੋਂ ਸਾਲ 1985 ਤੋਂ ਹੁਣ ਤੱਕ ਸਿਹਤ ਵਿਭਾਗ ਵਿਚ ਵੱਖ-ਵੱਖ ਪੋਸਟਾਂ ਤੇ ਕੰਮ ਕੀਤਾ ਅਤੇ ਪਿਛਲੇ 10 ਮਹੀਨੇਆਂ ਤੋਂ ਦਫਤਰ ਸਿਵਲ ਸਰਜਨ ਅੰਮ੍ਰਿਤਸਰ ਵਿਖੇ ਬਤੌਰ ਡਿਪਟੀ ਮਾਸ ਮੀਡੀਆ ਅਫਸਰ ਦੇ ਰੂਪ ਵਿਚ ਸੇਵਾ ਨਿਭਾਈ ਹੈ ਅਤੇ ਸਾਰਾ ਸਿਹਤ ਵਿਭਾਗ ਅਤੇ ਖਾਸ ਕਰਕੇ ਮਾਸ ਮੀਡੀਆ ਵਿੰਗ ਉਹਨਾਂ ਦੀਆਂ ਸੇਵਾਵਾਂ ਲਈ ਉਹਨਾਂ ਨੂੰ ਹਮੇਸ਼ਾਂ ਯਾਦ ਰੱਖੇਗਾ। ਇਸ ਮੌਕੇ ਬਲਾਕ ਐਕਟੇਂਸ਼ਨ ਐਜੂਕੇਟਰ ਸੌਰਵ ਸ਼ਰਮਾਂ, ਰਣਜੀਤ ਕੁਮਾਰ, ਪੂਜਾ ਸ਼ਰਮਾਂ, ਗੁਰਮੁਖ ਸਿੰਘ, ਜਗਦੀਪ ਸਿੰਘ, ਮਨਦੀਪ ਕੌਰ, ਮਦਨ ਲਾਲ, ਰਸ਼ਪਾਲ ਸਿੰਘ ਅਤੇ ਸਮੂਹ ਸਟਾਫ ਹਾਜਰ ਸਨ।

# ਟੈਲੀ ਫਿਲਮ ਬਿੱਕਰ ਵਿਚੋਲਾ ਭਾਗ ਦੂਜਾ ਦੀ ਸ਼ੂਟਿੰਗ ਵਿਰਕ ਖੁਰਦ 'ਚ





ਬਠਿੰਡਾ, 28 ਮਾਰਚ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਟੈਲੀ ਫਿਲਮ ਬਿੱਕਰ ਵਿਚੋਲਾ ਨੂੰ ਦਰਸ਼ਕਾਂ ਵੱਲੋਂ ਮਿਲੇ ਪਿਆਰ ਨੂੰ ਦੇਖਦਿਆਂ ਬਿੱਕਰ ਵਿਚੋਲਾ ਭਾਗ ਦੂਜਾ ਦੀ ਸ਼ੂਟਿੰਗ ਬਠਿੰਡਾ ਦੇ ਪਿੰਡ ਵਿਰਕ ਖੁਰਦ ਵਿਖੇ ਕੀਤੀ ਗਈ। ਸ਼ੂਟਿੰਗ ਦਾ ਉਦਘਾਟਨ ਕਿਰਨਦੀਪ ਕੌਰ ਵਿਰਕ ਬਠਿੰਡਾ ਦਿਹਾਤੀ ਪ੍ਰਧਾਨ ਕਾਂਗਰਸ ਪਾਰਟੀ ਨੇ ਨਾਰੀਅਲ ਤੋੜ ਕੇ ਕੀਤਾ ਅਤੇ ਉਹਨਾਂ ਸਮੁੱਚੀ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਫਿਲਮ ਦੀ ਸ਼ੂਟਿੰਗ ਪਿੰਡ ਦੀ ਸੱਥ ਅਤੇ ਪਿੰਡ ਦੀਆਂ ਵੱਖ-ਵੱਖ ਥਾਵਾਂ 'ਤੇ ਕੀਤੀ ਗਈ। ਪੱਤਰਕਾਰੀ ਅਤੇ ਲੇਖਣੀ ਵਿੱਚ ਆਪਣੀ ਕਲਮ ਜਰੀਏ ਪੰਜਾਬੀ ਮਾਂ ਬੋਲੀ, ਸੱਭਿਆਚਾਰ ਦੀ ਸੇਵਾ ਕਰਨ ਵਾਲੇ ਗੁਰਨੈਬ ਸਾਜਨ ਦਿਉਣ ਵੱਲੋਂ ਪਹਿਲੀ ਫਿਲਮ ਬਿੱਕਰ ਵਿਚੋਲਾ ਵਾਂਗ ਬਿੱਕਰ ਵਿਚੋਲਾ ਭਾਗ ਦੂਜਾ ਵਿੱਚ ਵੀ ਮੁੱਖ ਕਿਰਦਾਰ ਨਿਭਾਇਆ ਜਾ ਰਿਹਾ ਹੈ। ਇਸ ਮੌਕੇ ਫਿਲਮ ਦੇ ਨਿਰਦੇਸ਼ਕ, ਅਦਾਕਾਰ ਰਾਜਬਿੰਦਰ ਸ਼ਮੀਰ ਨੇ ਦੱਸਿਆ ਕਿ ਬਿੱਕਰ ਵਿਚੋਲਾ ਫਿਲਮ ਨੂੰ ਪਹਿਲਾਂ ਵੀ ਦਰਸ਼ਕਾਂ ਦਾ ਭਰਵਾਂ ਪਿਆਰ ਮਿਲਿਆ ਹੈ, ਇਸ ਲਈ ਬਿੱਕਰ ਵਿਚੋਲਾ ਭਾਗ ਦੂਜਾ ਬਣਾ ਰਹੇ ਹਾਂ। ਇਸ ਫਿਲਮ ਵਿੱਚ ਸਮਾਜ ਵਿੱਚ ਫੈਲ ਰਹੀਆਂ ਬੁਰਾਈਆਂ, ਰਾਜਨੀਤੀ ਵਿੱਚ ਆ ਰਿਹਾ ਨਿਘਾਰ ਅਤੇ ਵਿਦੇਸ਼ਾਂ ਵਿੱਚ ਜਾ ਰਹੀ ਜਵਾਨੀ ਦੀ ਗੱਲ ਕੀਤੀ ਗਈ ਹੈ। ਬਿੱਕਰ ਵਿਚੋਲਾ ਦੇ ਕਿਰਦਾਰ ਦੁਆਲੇ ਘੁੰਮਦੀ ਇਸ ਫਿਲਮ ਵਿੱਚ ਹਾਸਾ ਠੱਠਾ, ਭਾਵੁਕਤਾ, ਵਿਆਹ ਸ਼ਾਦੀਆਂ ਦੀਆਂ ਰਸਮਾਂ ਦੇਖਣ ਨੂੰ ਮਿਲਣਗੀਆਂ। ਬਿੱਕਰ ਵਿਚੋਲਾ ਦਾ ਕਿਰਦਾਰ ਨਿਭਾ ਰਹੇ ਅਦਾਕਾਰ ਗੁਰਨੈਬ ਸਾਜਨ ਨੇ ਦੱਸਿਆ ਕਿ ਪੱਤਰਕਾਰੀ ਲੇਖਣੀ ਦੇ ਨਾਲ ਨਾਲ ਉਹ ਟੈਲੀ ਫਿਲਮਾਂ ਰਾਹੀਂ ਵੀ ਸਮਾਜ ਦੇ ਅਣਗੌਲੇ ਪੱਖ, ਭਰੂਣ ਹੱਤਿਆ, ਨਕਾਰਾ ਹੋ ਚੁੱਕੇ ਸਰਕਾਰੀ ਤੰਤਰ, ਭ੍ਰਿਸ਼ਟ ਹੋ ਚੁੱਕੀ ਰਾਜਨੀਤੀ, ਪੰਜਾਬ ਛੱਡ ਕੇ ਵਿਦੇਸ਼ਾਂ ਵੱਲ ਜਾ ਰਹੀ ਜਵਾਨੀ ਵਰਗੇ ਮੁੱਦਿਆਂ ਨੂੰ ਆਪਣੀ ਕਹਾਣੀ ਜਰੀਏ ਛੋਹ ਰਿਹਾ ਹੈ। ਉਮੀਦ ਕਰਦੇ ਹਾਂ ਕਿ ਦਰਸ਼ਕ ਸਾਡੀ ਜਲਦ ਹੀ ਸਾਜਨ ਪੰਜਾਬੀ ਟੀਵੀ ਯੂ ਟਿਊਬ ਚੈਨਲ 'ਤੇ ਇਸ ਫਿਲਮ ਨੂੰ ਪਿਆਰ ਦੇਣਗੇ। ਫਿਲਮ ਦੇ ਕਲਾਕਾਰਾਂ ਵਿੱਚੋਂ ਗੁਰਨੈਬ ਸਾਜਨ, ਰਾਜਬਿੰਦਰ ਸ਼ਮੀਰ, ਕਰਮਜੀਤ ਰਾਜੂ, ਬੱਬੂ ਸ਼ੇਰਗਿੱਲ, ਗੁਰਵਿੰਦਰ ਸ਼ਰਮਾ, ਡਾ. ਗੁਰਚਰਨ ਸਿੰਘ ਵਿਰਕ ਕਲਾਂ, ਸੂਬੇਦਾਰ ਬਾਵਾ ਸਿੰਘ, ਰਾਜਿੰਦਰ ਅਬਲੂ, ਡਾ. ਚੇਤ ਬਰਾੜ, ਐਲ ਐਸ ਕੰਗ, ਗੁਰਮੀਤ ਵਿਰਕ, ਬਲਜਿੰਦਰ ਵਿਰਕ, ਜੋਰਾ ਅਬਲੂ, ਕਮਲ ਬਰਨਾਲਾ, ਕਿਰਨਦੀਪ ਵਿਰਕ, ਦਿਲਬਾਗ ਜ਼ਖ਼ਮੀ, ਸਿੱਧੂ ਬਾਜਕ, ਸ਼ਾਲਿਨੀ, ਪਰਮਪ੍ਰੀਤ ਵਿਰਕ, ਡਾ. ਹਰਪ੍ਰੀਤ ਖਿਆਲਾ ਅਤੇ ਬਬਲੂ ਵਿਰਕ ਹਨ।

# ਮੋਦੀ ਨੇ ਹਾਰ ਦੇ ਡਰੋ ਅਰਵਿੰਦ ਕੇਜਰੀਵਾਲ ਨੂੰ ਗ੍ਰਿ.ਫਤਾਰ ਕਰਵਾਇਆ : ਕੇਵਲ ਸਿੰਘ ਘਨੌਰੀ



ਧੂਰੀ ( ਰਣਜੀਤ ਸਿੰਘ ਪੇਧਨੀ ) ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਈਡੀ ਵੱਲੋਂ ਸ਼ਰਾਬ ਦੇ ਆਰੋਪ ਤਹਿਤ ਗਿਰਫਤਾਰ ਕਰਨਾ ਸਿਆਸਤ ਤੋਂ ਪ੍ਰੇਰਤ ਹੈ । ਉੱਥੇ ਅਰਵਿੰਦ ਕੇਜਰੀਵਾਲ ਦੀ ਦੇਸ ਭਰ ਵਿੱਚ ਵੱਧ ਰਹੀ ਲੋਕ ਪ੍ਰਿਅਤਾ ਨੂੰ ਨਾ ਬਰਦਾਸ਼ਤ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਬੁਖਲਾਸਟ ਵਿੱਚ ਆਈ ਹੋਈ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ, ਕੇਵਲ ਸਿੰਘ ਘਨੌਰੀ ਨੇ ਕੀਤਾ । ਉਹਨਾਂ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਲੋਕਤੰਤਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਦੇਸ਼ ਉੱਪਰ ਇੱਕ ਤਾਨਾਸਾਹੀ ਰਾਜ ਸਾਸਨ ਚਲਾਇਆ ਜਾ ਰਿਹਾ ਹੈ ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਆਗਾਮੀ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ, ਉੱਥੇ ਦੇਸ਼ ਵਿੱਚ ਲੋਕਤੰਤਰ ਨੂੰ ਬਹਾਲ ਕਰਨ ਲਈ ਭਾਜਪਾ ਨੂੰ ਸਤਾ ਤੋਂ ਲਾਂਭੇ ਕਰਨਗੇ ਅਤੇ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਦੀ ਸੋਚ ਤੇ ਦੇ ਰਹੀ ਹੈ ਅਤੇ ਦਿੰਦੀ ਰਹੇਗੀ।

# ਮੁੱਖ ਮੰਤਰੀ ਦੇ ਘਰ ਬੇਟੀ ਆਉਣ 'ਤੇ ਚੇਅਰਮੈਨ ਘੁੱਲੀ ਨੇ ਵੰਡੇ ਲੱਡੂ




ਆਵਾਜ਼ਿ ਕੌਮ AWAZE QAUM International Newspaper & WEB TV

ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਡਾ. ਗੁਰਪਰੀਤ ਕੌਰ ਨੇ ਬੇਟੀ ਨੂੰ ਜਨਮ ਦਿੱਤਾ ਹੈ । ਜਿਸ ਦੇ ਨਾਲ ਪੂਰੇ ਪੰਜਾਬ ਦੇ ਆਪ ਵਲੰਟੀਅਰਾਂ ਵੱਲੋਂ ਸੋਸਲ ਮੀਡੀਆ ਤੇ ਮੁੱਖ ਮੰਤਰੀ ਨੂੰ ਵਧਾਈਆਂ ਦਾ ਚੱਲ ਰਿਹਾ ਹੈ । ਇਸੇ ਹੀ ਤਹਿਤ ਮਾਰਕਿਟ ਕਮੇਟੀ ਧੂਰੀ ਵਿਖੇ ਮੁੱਖ ਮੰਤਰੀ ਦੇ ਘਰ ਬੇਟੀ ਆਉਣ ਤੇ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ । ਚੇਅਰਮੈਨ ਘੁੱਲੀ ਨੇ ਕਿਹਾ ਕਿ ਡਾ ਗੁਰਪ੍ਰੀਤ ਕੌਰ ਵੱਲੋਂ ਬੇਟੀ ਆਉਣ ਤੇ ਅਸੀਂ ਮੁੱਖ ਮੰਤਰੀ ਅਤੇ ਪੂਰੇ ਪਰਿਵਾਰ ਨੂੰ ਮੁਬਾਰਕਵਾਦ ਦਿੰਦੇ ਹਾਂ । ਇਸ ਮੌਕੇ ਉਹਨਾਂ ਦੇ ਨਾਲ ਆਪ ਆਗੂ ਹਰਪ੍ਰੀਤ ਸਿੰਘ ਗਿੱਲ, ਆਪ ਆਗੂ ਬਿੱਲਾ ਸਾਹੀਵਾਲ, ਆਪ ਆਗੂ ਭਿੰਦਾ ਵਿਰਕ, ਆਪ ਆਗੂ ਜਸਵਿੰਦਰ ਸਿੰਘ ਖੁਰਮੀ, ਆਪ ਆਗੂ ਭੋਲਾ ਸਿੰਘ ਧੂਰੀ, ਆਪ ਆਗੂ ਸੁਖਦੇਵ ਸਿੰਘ ਬੁਗਰਾ , ਰਜਿੰਦਰ ਸਿੰਘ ਪੇਧਨੀ ਤੋਂ ਇਲਾਵਾ ਆਪ ਵਲੰਟੀਅਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

### ਸੰਧੜਾ ਨੂੰ ਲੁਧਿਆਣਾ ਤੋਂ ਉਮੀਦਵਾਰ ਬਣਾਉਣ ਦਾ ਫੈਸਲਾ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ : ਸਲੇਮਪੁਰ

# ਸੰਧੜਾ ਨੂੰ ਦਿੱਤੀ ਵਧਾਈ ਸਾਂਸਦ ਸਿਮਰਨਜੀਤ ਸਿੰਘ ਮਾਨ ਦਾ ਕੀਤਾ ਧੰਨਵਾਦ



ਧੂਰੀ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ.ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਸੰਗਰੂਰ ਵੱਲੋਂ ਅੱਜ 7 ਲੋਕ ਸਭਾ ਚੋਣਾਂ ਦੇ ਲਈ ਉਮੀਦਵਾਰਾਂ ਐਲਾਨ

ਆਵਾਜ਼ਿ ਕੌਮ AWAZE QAUM International Newspaper & WEB TV

ਕੀਤਾ ਗਿਆ ਹੈ। ਜਿਸ ਵਿੱਚ ਕੌਮ ਦੇ ਸਹੀਦ ਭਾਈ ਰਛਪਾਲ ਸਿੰਘ ਸੰਧੜਾ ਦੇ ਸਪੁੱਤਰ ਭਾਈ ਅੰਮ੍ਰਿਤਪਾਲ ਸਿੰਘ ਸੰਧੜਾ ਨੂੰ ਲੁਧਿਆਣਾ ਤੋਂ ਉਮੀਦਵਾਰ ਬਣਾਏ ਜਾਣ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀ, ਏ, ਸੀ ਦੇ ਮੈਬਰ ਸ, ਹਰਬੰਸ ਸਿੰਘ ਸਲੇਮਪੁਰ ਨੇ ਕਿਹਾ ਕਿ ਸੰਧੜਾ ਪਰਿਵਾਰ ਟਕਸਾਲੀ ਪਰਿਵਾਰ ਹੈ ਉਨ੍ਹਾਂ ਨੂੰ ਲੁਧਿਆਣਾ ਤੋਂ ਉਮੀਦਵਾਰ ਬਣਾਉਣ ਦਾ ਫੈਸਲਾ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਜਿਥੇ ਉਹ ਭਾਈ ਅੰਮ੍ਰਿਤਪਾਲ ਸਿੰਘ ਸੰਧੜਾ ਨੂੰ ਲੁਧਿਆਣਾ ਤੋਂ ਉਮੀਦਵਾਰ ਬਣਨ ਤੇ ਮੁਬਾਰਕਬਾਦ ਦਿੰਦੇ ਹਨ ਉੱਥੇ ਹੀ ਉਹ ਦਿਲ ਦੀਆਂ ਗਹਿਰਾਈਆਂ ਚੋਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ.ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਸੰਗਰੂਰ ਦਾ ਵਿਸੇਸ਼ ਧੰਨਵਾਦ ਕਰਦੇ ਹਨ। ਜਿਨਾਂ ਨੇ ਪਰਿਵਾਰ ਤੇ ਵੱਡਾ ਵਿਸਵਾਸ ਕਰਕੇ ਲੁਧਿਆਣਾ ਤੋਂ ਉਮੀਦਵਾਰ ਬਣਾਇਆ ਗਿਆ ਹੈ । ਉਹਨਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਭਾਈ ਸੰਧੜਾ ਲੁਧਿਆਣਾ ਤੋਂ ਵੱਡੇ ਮਾਰਜਨ ਨਾਲ ਜਿੱਤ ਕੇ ਪਾਰਟੀ ਪ੍ਰਧਾਨ ਸ, ਸਿਮਰਨਜੀਤ ਸਿੰਘ ਮਾਨ ਦੇ ਹੱਥ ਮਜਬੂਤ ਕਰਨਗੇ। ਇਸ ਮੌਕੇ ਉਨ੍ਹਾਂ ਦੇ ਨਾਲ ਯੂਥ ਆਗੂ ਜਸਵੀਰ ਸਿੰਘ ਧੰਦੀਵਾਲ, ਯੂਥ ਆਗੂ ਗੁਰਪ੍ਰੀਤ ਸਿੰਘ ਮੂਲੋਵਾਲ, ਗੁਰਵਿੰਦਰ ਸਿੰਘ ਧੰਦੀਵਾਲ ਹਾਜ਼ਰ ਸਨ।

### ਜ਼ਿਲ੍ਹਾ ਪਠਾਨਕੋਟ ਦੇ ਸਮੂਹ ਸਕੂਲਾਂ ਵੱਲੋਂ ਮਾਪੇ ਅਧਿਆਪਕ ਮਿਲਣੀ ਆਯੋਜਿਤ ਕਰ

# ਨਾਨ ਬੋਰਡ ਜਮਾਤਾਂ ਦਾ ਐਲਾਨੀਆਂ ਗਿਆ ਨਤੀਜਾ





**ਪਠਾਨਕੋਟ, 28 ਮਾਰਚ (ਆਵਾਜ਼ਿ ਕੌਮ ਬਿਊਰੋ)**-ਸਕੂਲ ਸਿੱਖਿਆ ਵਿਭਾਗ ਪੰਜਾਬ ਅਤੇ ਐਸਸੀਆਰਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਆਯੋਜਿਤ ਕਰ ਨਾਨ ਬੋਰਡ ਜਮਾਤਾਂ ਐਲਕੇਜੀ ਤੋਂ ਚੌਥੀ ਤੱਕ ਨਤੀਜਾ ਘੋਸ਼ਿਤ ਕੀਤਾ ਗਿਆ। ਇਨ੍ਹਾਂ ਮਾਪੇ ਅਧਿਆਪਕ ਮਿਲਣੀਆਂ ਵਿੱਚ ਮਾਪਿਆਂ ਵੱਲੋਂ ਵੱਡੇ ਪੱਧਰ ਤੇ ਸ਼ਮੂਲੀਅਤ ਕਰ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਜਾਣਿਆ ਗਿਆ। ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ



ਆਵਾਜ਼ਿ ਕੌਮ AWAZE QAUM International Newspaper & WEB TV

ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਡੀਜੀ ਸਿੰਘ ਵੱਲੋਂ ਪ੍ਰਾਇਮਰੀ ਸਕੂਲ ਭੂਰ ਅਤੇ ਪ੍ਰਾਇਮਰੀ ਸਕੂਲ ਭਦਰੋਆ ਵਿਖੇ ਆਯੋਜਿਤ ਮਾਪੇ ਅਧਿਆਪਕ ਮਿਲਣੀਆਂ ਵਿੱਚ ਸ਼ਿਰਕਤ ਕਰ ਜਿਥੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਬੱਚਿਆਂ ਦੇ ਬਿਹਤਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਉੱਥੇ ਹੀ ਸਕੂਲਾਂ ਵਿੱਚ ਨਵੇਂ ਦਾਖਲਿਆਂ ਲਈ ਅਪੀਲ ਵੀ ਕੀਤੀ। ਇਸ ਮੌਕੇ ਸਕੂਲਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਗਏ ਅਤੇ ਬੱਚਿਆਂ ਨੂੰ ਵਧੀਆ ਕਾਰਗੁਜ਼ਾਰੀ ਲਈ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਦਿਲਚਸਪ ਗੱਲ ਇਹ ਰਹੀ ਕਿ ਪ੍ਰਾਇਮਰੀ ਸਕੂਲ ਭੂਰ ਵਿਖੇ ਮਾਪਿਆਂ ਨੇ ਬੱਚਿਆਂ ਦੀ ਸ਼ਖ਼ਸੀਅਤ ਵਿੱਚ ਆ ਰਹੀਆਂ ਸਾਕਾਰਾਤਮਕ ਤਬਦੀਲੀਆਂ, ਸਕੂਲਾਂ ਦੀ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਅਤੇ ਅਧਿਆਪਕਾਂ ਵੱਲੋਂ ਪਾਏ ਜਾ ਰਹੇ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਡੀਜੀ ਸਿੰਘ ਨੇ ਕਿਹਾ ਕਿ ਸਕੂਲਾਂ ਵਿੱਚ ਮਿਲ ਰਹੀਆਂ ਅਧੁਨਿਕ ਸਹੂਲਤਾਂ ਨਾਲ ਵਿਦਿਆਰਥੀ ਹੁਣ ਸਮੇਂ ਦੇ ਹਾਣੀ ਬਣਨਗੇ ਅਤੇ ਵਿਦੇਸ਼ਾਂ ਵਿੱਚ ਜਾਣ ਦੀ ਥਾਂ ਉਹ ਆਪਣੇ ਸੂਬੇ ਅੰਦਰ ਹੀ ਨੌਕਰੀਆਂ ਦੇ ਕਾਬਲ ਬਣ ਸਕਣਗੇ। ਸਕੂਲਾਂ ਵਿੱਚ ਦਾਖਲਿਆਂ ਲਈ ਟੋਲ ਫਰੀ ਨੰਬਰ 1800-180-2139 ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਵਿਭਾਗ ਵੱਲੋਂ ਚਲਾਏ ਜਾ ਰਹੇ ਸਕੂਲ ਆਫ਼ ਐਮੀਨੈਂਸ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਵਿਭਾਗ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਲਗਾਤਾਰ ਕਾਰਜਸ਼ੀਲ ਹੈ। ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ, ਮੁਫ਼ਤ ਭੋਜਨ, ਵਰਦੀ ਅਤੇ ਕਿਤਾਬਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲਾਂ ਵਿੱਚ ਦਾਖ਼ਲ ਕਰਵਾ ਕੇ ਵਿਭਾਗ ਵੱਲੋਂ ਮਿਲਣ ਵਾਲੀਆਂ ਸਹੂਲਤਾਂ ਹਾਸਲ ਕਰਨ। ਉਨ੍ਹਾਂ ਕਿਹਾ ਕਿ ਅੱਜ ਹਰ ਸਕੂਲ ਵਿੱਚ ਵਿਕਾਸ ਦੇ ਕੰਮ ਚੱਲ ਰਹੇ ਹਨ ਤੇ ਕਲਾਸਰੂਮ ਬਣਾਏ ਜਾ ਰਹੇ ਹਨ, ਪਖਾਨੇ, ਵਾਈ-ਫਾਈ, ਲੈਬ ਵਰਗੀਆਂ ਸਹੂਲਤਾਂ ਉਪਲੱਬਧ ਹੋ ਗਈਆਂ ਹਨ। ਹਰ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਵਾਸਤੇ 2-2 ਸਿਕਿਉਰਟੀ ਗਾਰਡ ਅਤੇ ਕੈਂਪਸ ਮੈਨੇਜਰ ਨਿਯੁਕਤ ਕੀਤੇ ਗਏ ਹਨ। ਵਿਭਾਗ ਵੱਲੋਂ ਸਕੂਲਾਂ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀਂ ਨਹੀਂ ਛੱਡੀ ਜਾ ਰਹੀ ਹੈ। ਇਸ ਮੌਕੇ ਤੇ ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਬਲਕਾਰ ਅੱਤਰੀ, ਸਟੇਟ ਐਵਾਰਡੀ ਸਮਰਿਤੀ ਕਟੋਚ, ਹੈਡ ਟੀਚਰ ਸੁਨੀਤਾ ਆਦਿ ਹਾਜ਼ਰ ਸਨ।

# ਨੰਨ੍ਹੇ ਮੁੰਨੇ ਬੱਚਿਆਂ ਦੀ ਪ੍ਰੀ ? ਪ੍ਰਾਇਮਰੀ ਜਮਾਤ ਪੂਰੀ ਹੋਣ ਤੇ ਗ੍ਰੈਜੂਏਸ਼ਨ ਰਸਮ ਕਰਵਾਈ

## ਸਕੂਲ ਵਿੱਚ ਪਹਿਲੀ ਤੋਂ ਚੌਥੀ ਜਮਾਤ ਦਾ ਸਾਲਾਨਾ ਨਤੀਜਾ ਐਲਾਨੀਆਂ




ਫ਼ਿਰੋਜ਼ਪੁਰ, 28 ਮਾਰਚ (ਮਨੋਹਰ ਲਾਲ) :— ਕਹਿੰਦੇ ਹਨ ਕਿ ਬਚਪਨ ਉਹ ਅਵਸਥਾ ਹੈ ਜਿਸ ਵਿੱਚ ਬੱਚੇ ਦਾ ਦਿਮਾਗ ਖਾਲੀ ਸਲੇਟ ਵਾਂਗ ਹੁੰਦਾ ਹੈ ਜਿਸ ਤੇ ਕੁੱਝ ਵੀ ਉੱਕਰਿਆ ਜਾ ਸਕਦਾ ਹੈ। ਇਸ ਤਰਾ ਸਿੱਖਿਆ ਵਿਭਾਗ ਦੇ ਦਿਸ਼ਾ—ਨਿਰਦੇਸ਼ਾ ਅਨੁਸਾਰ ਜਿਲ੍ਹਾ ਸਿੱਖਿਆ ਅਫ਼ਸਰ ਨੀਲਮ ਰਾਣੀ, ਡਿਪਟੀ ਡੀ.ਈ.ਓ ਅਤੇ ਬੀ.ਪੀ.ਈ.ਓ ਭੁਪਿੰਦਰ ਸਿੰਘ ਦੀ ਅਗਵਾਈ ਵਿੱਚ ਅੱਜ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੋਗੋਆਣੀ

ਆਵਾਜ਼ਿ ਕੌਮ AWAZE QAUM International Newspaper & WEB TV

ਵਿਖੇ ਹੈੱਡ ਟੀਚਰ ਮੈਡਮ ਅਨੁਰਾਧਾ ਦੀ ਦੇਖ—ਰੇਖ ਵਿੱਚ ਪ੍ਰੀ—ਪ੍ਰਾਇਮਰੀ ਜਮਾਤ ਪੂਰੀ ਹੋਣ ਤੇ ਨੰਨ੍ਹੇ—ਮੁੰਨੇ ਬਚਿਆਂ ਦੀ ਗ੍ਰੈਜੂਏਸ਼ਨ ਰਸਮ ਕਰਵਾਈ ਗਈ। ਇਸ ਮੌਕੇ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ ਅਤੇ ਮਾਪੇ ਅਧਿਆਪਕ ਮਿਲਣੀ ਵੀ ਆਯੋਜਿਤ ਕੀਤੀ ਗਈ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਭੁਪਿੰਦਰ ਸਿੰਘ ਮੁੱਖ ਮਹਿਮਾਨ ਅਤੇ ਸੀ.ਐਚ.ਟੀ ਵਿਜੈ ਨਰੂਲਾ ਵਿਸ਼ੇਸ਼ ਮਹਿਮਾਨ ਤੇ ਤੌਰ ਤੇ ਸ਼ਾਮਿਲ ਹੋਏ। ਇਹ ਜਾਣਕਾਰੀ ਦਿੰਦਿਆਂ ਹੈਡ ਟੀਚਰ ਅਨੁਰਾਧਾ, ਮੈਡਮ ਪ੍ਰਿਅੰਕਾ ਨੇ ਦਸਿਆ ਕਿ ਸਕੂਲ ਵਿੱਚ ਪ੍ਰੀ—ਪ੍ਰਾਇਮਰੀ ਜਮਾਤ ਵਿੱਚ 23 ਬੱਚੇ ਪੜ੍ਹ ਰਹੇ ਸਨ, ਜਿਨ੍ਹਾਂ ਨੂੰ ਪਿਛਲੇ ਵਰ੍ਹੇ ਤੋਂ ਨੈਤਿਕ ਸਿੱਖਿਆ, ਚੰਗੀਆ ਆਦਤਾਂ ਸਿਖਾਉਣ ਦੇ ਨਾਲ—ਨਾਲ ਸਕੂਲ ਨੇ ਮੁੱਢਲੀ ਵਰਣਮਾਲਾ ਅਤੇ ਗਿਣਤੀ ਆਦਿ ਵੀ ਸਿਖਾਈ, ਜੋ ਹੁਣ ਭਵਿੱਖ ਵਿੱਚ ਪਹਿਲੀ ਜਮਾਤ ਦੀ ਰਸਮੀ ਸਿੱਖਿਆ ਵਿੱਚ ਇਨ੍ਹਾਂ ਬੱਚਿਆਂ ਦੇ ਕੰਮ ਆਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਨੰਨ੍ਹੇ—ਮੁੰਨੇਇਆ ਦੀ ਪ੍ਰੀ—ਪ੍ਰਾਇਮਰੀ ਜਮਾਤ ਪੂਰੀ ਹੋਣ ਤੇ ਗ੍ਰੈਜੂਏਸ਼ਨ ਰਸਮ ਕਰਵਾਈ ਅਤੇ ਪਹਿਲੀ ਤੋਂ ਚੌਥੀ ਜਮਾਤ ਦਾ ਸਾਲਾਨਾ ਨਤੀਜਾ ਵੀ ਐਲਾਨੀਆ ਗਿਆ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਗੋਗੋਆਣੀ ਵਿਭਾਗ ਦੁਆਰਾ ਤੈਅ ਕੀਤੇ ਵਿੱਦਿਅਕ ਅਤੇ ਗੈਰ—ਵਿੱਦਿਅਕ ਪ੍ਰੋਗਰਾਮਾਂ ਵਿੱਚ ਵੱਧ—ਚੜ ਕੇ ਹਿੱਸਾ ਪਾਂਦਾ ਹੈ, ਫਿਰ ਚਾਹੇ ਉਹ ਪੜ੍ਹੋ ਪੰਜਾਬ ਸਿੱਖਿਆ ਸਕੀਮ ਹੋਵੇ ਜਾ ਫਿਰ ਖੇਡਾਂ ਤੇ ਜਾ ਫਿਰ ਕੋਈ ਵੀ ਸੱਭਿਆਚਾਰਕ, ਦੇਸ਼ ਭਗਤੀ ਪ੍ਰੋਗਰਾਮ। ਉਨ੍ਹਾਂ ਕਿਹਾ ਕਿ ਸਕੂਲ ਦਾਖਿਲਾ ਮੁਹਿੰਮ ਅਧੀਨ ਵੀ ਗਲੀ—ਗਲੀ, ਘਰ—ਘਰ ਜਾ ਕੇ ਬੱਚੇ ਦਾਖਿਲ ਕਰ ਰਿਹਾ ਹੈ ਅਤੇ ਮਾਪੇ ਅਧਿਆਪਕ ਮਿਲਣੀ ਵਿੱਚ ਵਿਭਾਗ ਦੁਆਰਾ ਵਿੱਦਿਆਰਥੀਆਂ ਨੂੰ ਮਿਲ ਰਹੀਆਂ ਵਿਸ਼ੇਸ਼ ਸਹੂਲਤਾਂ ਤੋਂ ਵੀ ਜਾਣੂ ਕਰਵਾਇਆ ਗਿਆ, ਇਸ ਗ੍ਰੈਜੂਏਸ਼ਨ ਸੈਰੇਮਨੀ ਵਿੱਚ ਸਕੂਲ ਸਟਾਫ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਸੰਗਰੂਰ ਵਿਖੇ ਜ਼ਹਿਰੀਲੀ ਸ਼ਰਾਬ ਦੇ ਮ੍ਰਿਤਕਾਂ ਦੇ ਵਾਰਸਾਂ ਨੂੰ ਮਿਲੇ ਵਿੱਤੀ ਸਹਾਇਤਾ—ਪ੍ਰਧਾਨ ਪਾਲੀ ਘਾਰੂ



ਫ਼ਿਰੋਜ਼ਪੁਰ, 28 ਮਾਰਚ (ਮਨੋਹਰ ਲਾਲ) :— ਬੀਤੇ ਦਿਨੀਂ ਸੰਗਰੂਰ ਵਿਖੇ ਜ਼ਿਹਰੀਲੀ ਸ਼ਰਾਬ ਕਰਕੇ ਮੌਤਾਂ ਦੀ ਗਿਣਤੀ ਦਿਨੋਂ—ਦਿਨ ਵੱਧ ਰਹੀ ਹੈ, ਜ਼ੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਇਨ੍ਹਾਂ ਵਿਚਾਰ ਸਾਂਝੇ ਕਰਦਿਆਂ

ਆਵਾਜ਼ਿ ਕੌਮ AWAZE QAUM International Newspaper & WEB TV

ਹਿਊਮਨ ਰਾਈਟਸ ਸੋਸ਼ਲ ਵੈਲਫੇਅਰ ਸੁਸਾਇਟੀ ਰਜਿ: ਦੇ ਵਾਈਸ ਪ੍ਰਧਾਨ ਪੰਜਾਬ ਤੇ ਮੀਡੀਆ ਇੰਚਾਰਜ ਗੁਰਪਾਲ ਸਿੰਘ ਪਾਲੀ ਘਾਰੂ ਨੇ ਕਿਹਾ ਕਿ ਸਰਕਾਰ ਬਿਨ੍ਹਾਂ ਦੇਰੀ ਮ੍ਰਿਤਕਾਂ ਦੇ ਵਾਰਸਾਂ ਦੀ ਬਾਂਹ ਫੜੇ। ਪੰਜਾਬ ਸਰਕਾਰ ਤੋਂ ਮੰਗ ਗਰਦਿਆਂ ਗੁਰਪਾਲ ਸਿੰਘ ਘਾਰੂ ਨੇ ਕਿਹਾ ਕਿ ਇਸ ਘਟਨਾਕ੍ਰਮ ਵਿਚ ਸ਼ਾਮਿਲ ਪ੍ਰਸ਼ਾਸਨ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਅਤੇ ਬੇਮੌਤ ਮਾਰੇ ਗਏ ਵਿਅਕਤੀਆਂ ਦੀ ਤੁਰੰਤ ਮਾਲੀ ਮੱਦਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮ੍ਰਿ.ਤਕਾਂ ਦੇ ਵਾਰਿਸਾਂ ਨੂੰ ਇਕ ਸਰਕਾਰੀ ਨੌਕਰੀ ਤੇ ਇਕ ਕਰੋੜ ਰੁਪਇਆ ਦਿੱਤਾ ਜਾਵੇ। ਇਸ ਮੌਕੇ ਹਿਊਮਨ ਰਾਈਟਸ ਸੋਸ਼ਲ ਵੈਲਫੇਅਰ ਦੇ ਸੀਨੀਅਰ ਮੈਂਬਰ ਹਰਨਾਮ ਸਿੰਘ, ਮਲਕੀਤ ਸਿੰਘ, ਪੰਜਾਬ ਪ੍ਰਧਾਨ ਪ੍ਰੀਤਮ ਸਿੰਘ ਜ਼ੋਸਨ, ਦਿਹਾਤੀ ਪ੍ਰਧਾਨ ਪੰਜਾਬ ਸੀਨੀਅਰ ਤੇ ਜੂਨੀਅਰ ਪ੍ਰਧਾਨ ਰਮੇਸ਼ ਕੁਮਾਰ ਭੱਟੀ ਤੇ ਸਤਪਾਲ ਤੇਜੀ ਵੀ ਹਾਜ਼ਰ ਸਨ। ਇਸ ਮੌਕੇ ਮੀਤਾ ਗਾਂਧੀ ਫ਼ਿਰੋਜ਼ਪੁਰ ਵੀ ਹਾਜ਼ਰ ਸਨ ਅਤੇ ਸਮੂਹ ਆਗੂਆਂ ਨੇ ਕਿਹਾ ਕਿ ਇਹ ਮਾਮਲੇ ਜਲਦ ਸਰਕਾਰ ਦੇ ਧਿਆਨ ਵਿਚ ਲਿਆਂਦਾ ਜਾਵੇਗਾ ਤਾਂ ਜ਼ੋ ਮ੍ਰਿਤਕਾਂ ਦੇ ਆਸ਼ਿਰਤਾਂ ਦੀ ਬਣਦੀ ਮੱਦਦ ਹੋ ਸਕੇ।

### ਬਾਲ ਲੇਖ

# ਸਮਾਂ ਅਨਮੋਲ ਹੈ

ਸਮਾਂ ਅਨਮੋਲ ਹੈ। ਸਾਨੂੰ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਸਾਨੂੰ ਸਮੇਂ ਦੀ ਵਰਤੋਂ ਸਹੀ ਤਰ੍ਹਾਂ ਕਰਨੀ ਚਾਹੀਦੀ ਹੈ ; ਨਾ ਕਿ ਸਮੇਂ ਨੂੰ ਬਰਬਾਦ ਕਰਨਾ ਚਾਹੀਦਾ । ਅਸੀਂ ਸਮੇਂ ਨੂੰ ਅਰਬਾਂ - ਕਰੋੜਾਂ ਰੁਪਏ ਨਾਲ ਵੀ ਨਹੀਂ ਖਰੀਦ ਸਕਦੇ। ਸਾਨੂੰ ਮੋਬਾਇਲ ਫੋਨ ਦੀ ਵਰਤੋਂ ਸਕੂਲ ਦੇ ਕੰਮ ਅਤੇ ਪੜ੍ਹਾਈ ਲਈ ਕਰਨੀ ਚਾਹੀਦੀ ਹੈ। ਬਿਨਾਂ ਲੋੜ ਤੋਂ ਮੋਬਾਇਲ ਫੋਨ ਦੀ ਵਰਤੋਂ ਕਰਕੇ ਸਾਡਾ ਕੀਮਤੀ ਸਮਾਂ ਹੀ ਖਰਾਬ ਹੁੰਦਾ ਹੈ। ਜੇਕਰ ਸਾਡੇ ਕੋਲ ਵਾਧੂ ਸਮਾਂ ਹੋਵੇ ਤਾਂ ਸਾਨੂੰ ਚੰਗੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਅਤੇ ਦੂਜਿਆਂ ਦੀ ਮੱਦਦ ਕਰਨੀ ਚਾਹੀਦੀ ਹੈ । ਸਾਡੇ ਅਧਿਆਪਕ ਜੀ ਵੀ ਸਾਨੂੰ ਸਮੇਂ ਦੀ ਸਹੀ ਵਰਤੋਂ ਕਰਨ ਦੀ ਸਿੱਖਿਆ ਦਿੰਦੇ ਹਨ।

**-ਅੰਜਲੀ, ਜਮਾਤ : ਪੰਜਵੀਂ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ - ਸ਼੍ਰੀ ਅਨੰਦਪੁਰ ਸਾਹਿਬ**


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
ਆਵਾਜ਼ਿ ਕੌਮ AWAZE QAUM International Newspaper & WEB TV
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
ਉ A अ
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH